@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 3 March 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 3 ਮਾਰਚ 2024, 17 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 93, qpatrika@gmail.com ਫੋਨ : 9971359517 www.qaumipatrika.org

## ਇਕ ਲੱਖ ਦਾ ਇਨਾਮੀ ਗੈਂਗਸਟਰ ਗ੍ਰਿਫ਼ਤਾਰ

ਜੈਪੁਰ 2 ਮਾਰਚ। ਰਾਜਸਥਾਨ 'ਚ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਕਤਲ, ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਦੀ ਤਸਕਰੀ, ਪੁਲਸ, ਆਮ ਲੋਕਾਂ 'ਤੇ ਗੋਲੀਬਾਰੀ ਦੇ ਮਾਮਲਿਆਂ 'ਚ ਲੋੜੀਂਦੇ ਇਕ ਲੱਖ ਰੁਪਏ ਦੇ ਇਨਾਮੀ ਗੈਂਗਸਟਰ ਨੂੰ ਫੜਨ 'ਚ ਸਫਲਤਾ ਹਾਸਲ ਕੀਤੀ ਹੈ। ਐਡੀਸ਼ਨਲ ਪੁਲਸ ਡਾਇਰੈਕਟਰ ਜਨਰਲ (ਏ.ਜੀ.ਟੀ.ਐੱਫ. ਅਤੇ ਅਪਰਾਧ) ਦਿਨੇਸ਼ ਐੱਮ.ਐੱਨ. ਨੇ ਦੱਸਿਆ ਕਿ ਏ.ਜੀ.ਟੀ.ਐੱਫ. ਵਲੋਂ ਪ੍ਰਦੇਸ਼ 'ਚ ਗੈਂਗਸਟਰਾਂ ਵਿਰੁੱਧ ਲਗਾਤਾਰ ਕੀਤੀ ਜਾ ਰਹੀ ਕਾਰਵਾਈ ਦੇ ਅਧੀਨ ਸ਼ਨੀਵਾਰ ਨੂੰ ਇਕ ਲੱਖ ਰੁਪਏ ਦੇ ਇਨਾਮੀ ਗੈਂਗਸਟਰ ਸੁਮਿਤ ਮਾਂਜੂ ਵਾਸੀ ਖਿਦਰਤ ਥਾਣਾ ਬਾਪ ਜ਼ਿਲ੍ਹਾ ਫਲੌਦੀ ਨੂੰ ਚਿਤੌੜਗੜ੍ਹ ਜ਼ਿਲ੍ਹੇ 'ਚ ਸਾਂਵਲੀਆ ਸੇਠ ਮੰਦਰ ਤੋਂ ਫੜਨ 'ਚ ਸਫਲਤਾ ਮਿਲੀ। ਸ਼੍ਰੀ ਐੱਮ.ਐੱਨ. ਨੇ ਦੱਸਿਆ ਕਿ ਸ਼ਾਤਿਰ ਗੈਂਗਸਟਰ ਸੁਮਿਤ ਵਿਰੁੱਧ ਥਾਣਾ ਮੰਡੌਰ ਜੋਧਪੁਰ ਪੂਰਬ, ਡਾਗਿਆਵਾਸ ਜੋਧੁਰ, ਸੇਂਦੜਾ ਜ਼ਿਲ੍ਹਾ ਬਿਆਵਰ, ਸ਼ਿਵਪੁਰਾ ਅਤੇ ਰਾਏਪੁਰ ਜ਼ਿਲ੍ਹਾ ਪਾਲੀ 'ਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ, ਆਰਮਜ ਐਕਟ, ਪੁਲਸ ਮੁਲਾਜਮਾਂ ਅਤੇ ਆਮ ਜਨਤਾ 'ਤੇ ਫਾਇਰਿੰਗ ਕਰ ਕੇ ਜਾਨਲੇਵਾ ਹਮਲਾ ਅਤੇ ਕਤਲ ਦੇ 6 ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ 'ਚੋਂ ਚਾਰ 'ਚ ਇਹ ਲੋੜੀਂਦਾ ਹੈ। ਉਨ੍ਹਾਂ ਦੱਸਿਆ ਕਿ ਗੰਭੀਰ ਅਪਰਾਧਕ ਮਾਮਲਿਆਂ 'ਚ 2 ਸਾਲ ਤੋਂ ਫਰਾਰ ਚੱਲ ਰਹੇ ਮੋਸਟ ਵਾਂਟੇਡ ਗੈਂਗਸਟਰ ਸੁਮਿਤ ਮਾਂਜੂ ਨੂੰ ਗ੍ਰਿਫ਼ਤਾਰੀ ਲਈ ਅਗਸਤ 'ਚ ਪੁਲਸ ਹੈੱਡ ਕੁਆਰਟਰ ਤੋਂ ਇਕ ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਇਕ ਸਾਥੀ ਹਨੂੰਮਾਨ ਟੂਟਾ ਨੂੰ ਪੁਲਸ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਇਹ ਬਦਮਾਸ਼ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਕਾਫੀ ਸਾਲਾਂ ਤੋਂ ਸ਼ਾਮਲ ਸੀ ਅਤੇ ਮੇਵਾੜ ਤੋਂ ਡੋਡਾ ਚੂਰਾ ਅਤੇ ਅਫੀਮ ਲਿਆ ਕੇ ਮਾਰਵਾੜ ਖੇਤਰ 'ਚ ਸਪਲਾਈ ਕਰ ਸਕਦਾ ਹੈ।

## ਲੋਕ ਸਭਾ ਚੋਣਾਂ 2024: ਭਾਜਪਾ ਨੇ ਜਾਰੀ ਕੀਤੀ 195 ਉਮੀਦਵਾਰਾਂ ਦੀ ਪਹਿਲੀ ਸੂਚੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 2 ਮਾਰਚ। ਭਾਰਤੀ ਜਨਤਾ ਪਾਰਟੀ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ 195 ਲੋਕ ਸਭਾ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਵਿੱਚ ਪੀ.ਐੱਮ. ਮੋਦੀ ਸਮੇਤ 34 ਕੇਂਦਰੀ ਮੰਤਰੀਆਂ ਦੇ ਨਾਂ ਸਾਮਲ ਹਨ। ਭਾਜਪਾ ਦੇ ਰਾਸਟਰੀ ਜਨਰਲ ਸਕੱਤਰ ਵਿਨੋਦ ਤਾਵੜੇ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 29 ਫਰਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ 'ਚ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ 'ਚ 16 ਰਾਜਾਂ ਅਤੇ 2 ਕੇਂਦਰ ਸਾਸਤ ਪ੍ਰਦੇਸਾਂ ਦੀਆਂ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦੇ ਨਾਂ ਫਾਈਨਲ ਕੀਤੇ ਗਏ ਸਨ, ਜਿਨ੍ਹਾਂ ਦਾ ਅਸੀਂ ਅੱਜ ਐਲਾਨ ਕਰ ਰਹੇ ਹਾਂ। ਵਿਨੋਦ ਤਾਵੜੇ ਨੇ ਕਿਹਾ ਕਿ ਪੀ.ਐੱਮ. ਮੋਦੀ ਇੱਕ ਵਾਰ ਫਿਰ ਵਾਰਾਣਸੀ ਤੋਂ ਚੋਣ ਲੜਨਗੇ। ਇਸ ਤੋਂ ਇਲਾਵਾ 34 ਮੰਤਰੀਆਂ ਨੂੰ ਵੀ ਪਾਰਟੀ ਨੇ ਚੋਣ ਮੈਦਾਨ 'ਚ ਉਤਾਰਿਆ ਹੈ। ਭਾਜਪਾ ਦੀ ਪਹਿਲੀ ਸੂਚੀ ਵਿੱਚ ਉੱਤਰ ਪ੍ਰਦੇਸ ਦੀਆਂ 51, ਪੱਛਮੀ ਬੰਗਾਲ ਦੀਆਂ 20, ਮੱਧ ਪ੍ਰਦੇਸ ਦੀਆਂ 24, ਗੁਜਰਾਤ ਦੀਆਂ 15, ਰਾਜਸਥਾਨ ਦੀਆਂ 15, ਕੇਰਲ ਦੀਆਂ 12, ਤੇਲੰਗਾਨਾ ਦੀਆਂ 9, ਅਸਮ ਦੀਆਂ



11, ਝਾਰਖੰਡ ਦੀਆਂ 11, ਛੱਤੀਸਗੜ੍ਹ ਦੀਆਂ 11, ਦਿੱਲੀ ਦੀਆਂ 5, ਜੰਮੂ-ਕਸਮੀਰ ਦੀਆਂ 5, ਉੱਤਰਾਖੰਡ ਦੀਆਂ 3, ਅਰੁਣਾਚਲ ਦੀਆਂ 2, ਗੋਆ ਦੀ 1, ਤ੍ਰਿਪੁਰਾ ਦੀ 1, ਅੰਡੇਮਾਨ ਦੀ 1, ਦਮਨ ਅਤੇ ਦੀਵ ਦੀ 1 ਸੀਟਾਂ ਲਈ ਉਮੀਦਵਾਰਾਂ ਦੇ ਨਾਂ ਸਾਮਲ ਹਨ। ਭਾਜਪਾ ਦੀ ਪਹਿਲੀ ਸੂਚੀ ਵਿੱਚ 28 ਔਰਤਾਂ, 27 ਐੱਸ.ਟੀ., 18 ਐੱਸ.ਟੀ. ਅਤੇ 18 ਓ.ਬੀ.ਸੀ. ਅਤੇ 47 ਨੌਜਵਾਨ ਨੇਤਾ ਸਾਮਲ ਹਨ, ਜਿਨ੍ਹਾਂ ਨੂੰ ਲੋਕ ਸਭਾ ਚੋਣਾਂ ਲਈ ਟਿਕਟਾਂ ਮਿਲੀਆਂ ਹਨ। ਕੇਂਦਰੀ ਮੰਤਰੀ ਅਮਿਤ ਸਾਹ ਗਾਂਧੀਨਗਰ ਤੋਂ, ਮਨਸੁਖ ਮਾਂਡਵੀਆ ਪੋਰਬੰਦਰ ਤੋਂ, ਰਾਜਨਾਥ ਸਿੰਘ ਲਖਨਊ ਤੋਂ, ਜਤਿੰਦਰ ਸਿੰਘ ਊਧਮਪੁਰ ਤੋਂ, ਕਿਰਨ ਰਿਜਿਜੂ ਅਰੁਣਾਚਲ ਪੂਰਬੀ ਤੋਂ, ਸਰਬਾਨੰਦ ਸੋਨੋਵਾਲ ਅਸਾਮ ਦੇ ਤਾਪੀਰ ਪਿੰਡ ਡਿਬਰੂਗੜ੍ਹ ਤੋਂ, ਸੰਜੀਵ ਬਾਲਿਆਨ ਮੁਜੱਫਰਨਗਰ ਤੋਂ ਲੋਕ ਸਭਾ ਚੋਣ ਲੜਨਗੇ। ਗੁਜਰਾਤ ਦੀਆਂ ਹੋਰ ਸੀਟਾਂ 'ਤੇ ਵਿਨੋਦ ਚਾਵੜਾ ਕੱਛ ਤੋਂ, ਮਨਸੁਖ ਵਸਾਵਾ ਭਰੂਚ ਤੋਂ ਅਤੇ ਸੀ.ਆਰ. ਪਾਟਿਲ ਨਵਸਾਰੀ ਤੋਂ ਚੋਣ ਲੜਨਗੇ। ਛੱਤੀਸਗੜ੍ਹ 'ਚ ਸਰੋਜ ਪਾਂਡੇ ਕੋਰਬਾ ਤੋਂ, ਵਿਜੇ ਬਘੇਲ ਦੁਰਗ ਤੋਂ, ਬ੍ਰਿਜਮੋਹਨ ਅਗਰਵਾਲ ਰਾਏਪੁਰ ਤੋਂ ਚੋਣ ਲੜਨਗੇ।

## 'ਸੰਯੁਕਤ ਕਿਸਾਨ ਮੋਰਚਾ ਦਾ ਵੱਡਾ ਐਲਾਨ, ਮਹਾਂਪੰਚਾਇਤ 'ਚ ਸ਼ਾਮਲ ਹੋਣ ਟਰੈਕਟਰਾਂ 'ਤੇ ਨਹੀਂ

ਜਲੰਧਰ 2 ਮਾਰਚ। ਲੁਧਿਆਣਾ ਵਿਖੇ ਹੋਈ 'ਸੰਯੁਕਤ ਕਿਸਾਨ ਮੋਰਚਾ' ਦੀ ਮੀਟਿੰਗ 'ਚ ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨ ਜਥੇਬੰਦੀਆਂ ਵੱਲੋਂ 14 ਮਾਰਚ ਨੂੰ ਮਹਾਂਪੰਚਾਇਤ ਸੱਦੀ ਗਈ ਹੈ। ਉਸ 'ਚ ਸ਼ਾਮਲ ਹੋਣ ਲਈ ਕਿਸਾਨ ਵੱਡੀ ਗਿਣਤੀ 'ਚ ਦਿੱਲੀ ਵੱਲ ਕੂਚ ਕਰਨਗੇ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਕਿਸਾਨ ਆਪਣੇ ਟਰੈਕਟਰ-ਟਰਾਲੀਆਂ ਲੈ ਕੇ ਪ੍ਰਦਰਸ਼ਨ 'ਚ ਸ਼ਾਮਲ ਨਾ ਹੋਣ, ਇਸ ਲਈ ਕਿਸਾਨ ਟਰੈਕਟਰ-ਟਰਾਲੀਆਂ ਛੱਡ ਕੇ ਟਰੇਨਾਂ, ਬੱਸਾਂ ਤੇ ਆਪਣੇ ਸਾਧਨਾਂ 'ਤੇ ਦਿੱਲੀ ਵੱਲ ਜਾਣਗੇ। ਇਸ ਮਹਾਂਪੰਚਾਇਤ 'ਚ ਸ਼ਾਮਲ ਹੋਣ ਲਈ 50,000 ਤੋਂ ਵੱਧ ਕਿਸਾਨ ਪੰਜਾਬ ਦੇ, ਜਦਕਿ ਇੰਨੇ ਹੀ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਕਿਸਾਨ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮਾਰਚ ਬਿਲਕੁਲ ਸ਼ਾਂਤਮਈ ਤਰੀਕੇ ਨਾਲ ਹੋਵੇਗਾ ਤੇ ਦਿੱਲੀ ਪ੍ਰਸ਼ਾਸਨ ਦੀ ਇਜਾਜਤ ਲੈ ਕੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਕਰ ਦਿੱਲੀ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪ੍ਰਦਰਸ਼ਨ ਲਈ ਇਜਾਜਤ ਨਹੀਂ ਦਿੱਤੀ ਗਈ ਤਾਂ ਉਨ੍ਹਾਂ ਵੱਲੋਂ 11 ਮਾਰਚ ਨੂੰ ਦੁਬਾਰਾ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਅਗਲੀ ਕਾਰਵਾਈ ਬਾਰੇ ਰਣਨੀਤੀ ਬਣਾਈ ਜਾਵੇ। ਉਨ੍ਹਾਂ ਕਿਸਾਨ ਜਥੇਬੰਦੀਆਂ ਵੱਲੋਂ ਚੋਣਾਂ ਲੜਨ ਬਾਰੇ ਬੋਲਦਿਆਂ ਕਿਹਾ ਕਿ ਚੋਣਾਂ ਲੜਨ ਵਾਲੀਆਂ ਜਥੇਬੰਦੀਆਂ ਵਾਪਸ ਮੋਰਚੇ 'ਚ ਸ਼ਾਮਲ ਹੋਣ ਆ ਗਈਆਂ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਦੁਬਾਰਾ ਚੋਣਾਂ ਲੜਨ ਦੇ ਚਾਹਵਾਨ ਆਗੂ ਮੋਰਚੇ ਤੋਂ ਅਸਤੀਫਾ ਦੇ ਕੇ ਚੋਣਾਂ 'ਚ ਹਿੱਸਾ ਲੈ ਸਕਦੇ ਹਨ।

## ਰਵਾਇਤੀ ਗਿਆਨ ਦਾ ਖਜਾਨਾ ਹੈ ਆਦਿਵਾਸੀ ਸਮਾਜ: ਰਾਸ਼ਟਰਪਤੀ ਮੁਰਮੂ

**ਨਵਦੀਪ ਸਿੰਘ ਸਾਹਨੀ**

ਕਿਓਂਝਰ 2 ਮਾਰਚ। ਆਦਿਵਾਸੀ ਸਮਾਜ ਨੂੰ ਰਵਾਇਤੀ ਗਿਆਨ ਦਾ ਖਜਾਨਾ ਦੱਸਦੇ ਹੋਏ



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਵੀਰਵਾਰ ਨੂੰ ਕਿਹਾ ਕਿ ਆਦਿਵਾਸੀਆਂ ਦੀ ਜੀਵਨ ਸੈਲੀ ਅਹਿੰਸਾ ਅਤੇ ਸਹਿ-ਹੋਂਦ ਦਾ ਪ੍ਰਤੀਕ ਹੈ। ਮੁਰਮੂ ਨੇ ਇਹ ਗੱਲ ਕਿਓਂਝਾਰ ਦੇ ਗੰਭਰੀਆ ਵਿਖੇ ਧਾਰਣੀਧਰ ਯੂਨੀਵਰਸਿਟੀ ਵੱਲੋਂ 'ਕਿਓਂਝਾਰ ਦੇ ਜਨਜਾਤੀ: ਲੋਕ, ਸੱਭਿਆਚਾਰ ਅਤੇ ਵਿਰਾਸਤ' ਵਿਸੇ 'ਤੇ ਆਯੋਜਿਤ ਰਾਸਟਰੀ ਸਿੰਪੋਜੀਅਮ ਦਾ ਉਦਘਾਟਨ ਕਰਨ ਤੋਂ ਬਾਅਦ ਕਹੀ। ਮੁਰਮੂ ਭਾਰਤ ਦੀ ਪਹਿਲੀ ਰਾਸਟਰਪਤੀ ਹਨ ਜੋ ਕਬਾਇਲੀ ਭਾਈਚਾਰੇ ਤੋਂ ਆਏ ਹਨ। ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ ਦਾ ਜ਼ਿਕਰ ਕਰਦੇ ਹੋਏ ਮੁਰਮੂ ਨੇ ਕਿਹਾ ਕਿ ਸਿਰਫ ਆਦਿਵਾਸੀ ਹੀ ਵਾਤਾਵਰਣ ਨਾਲ ਇਕਸੁਰ ਹੋ ਕੇ ਰਹਿਣ ਦੀ ਤਕਨੀਕ ਜਾਣਦੇ ਹਨ। ਉਨ੍ਹਾਂ ਕਿਹਾ ਕਿ ਆਦਿਵਾਸੀ ਭਾਈਚਾਰਾ ਸੂਰਜ, ਚੰਦ, ਜੰਗਲ, ਰੁੱਖ, ਝਰਨੇ ਅਤੇ ਹੋਰ ਕੁਦਰਤੀ ਵਸਤੂਆਂ ਦੀ ਪੂਜਾ ਕਰਦਾ ਹੈ। ਮੁਰਮੂ ਨੇ ਕਿਹਾ ਕਿ ਆਦਿਵਾਸੀ ਕੁਦਰਤ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। ਉਨ੍ਹਾਂ ਕਿਹਾ ਕਿ ਆਦਿਵਾਸੀ ਸਮਾਜ ਤੋਂ ਬਹੁਤ ਸਾਰੀਆਂ ਗੱਲਾਂ ਸਿੱਖੀਆਂ ਜਾ ਸਕਦੀਆਂ ਹਨ। ਉਨ੍ਹਾਂ ਵਿਦਿਆਰਥੀਆਂ, ਸੋਧਕਰਤਾਵਾਂ ਅਤੇ ਹੋਰਨਾਂ ਨੂੰ ਅਪੀਲ ਕੀਤੀ ਕਿ ਉਹ ਗਿਆਨ ਦੇ ਇਸ ਭੰਡਾਰ ਨੂੰ ਬਚਾਉਣ ਅਤੇ ਪ੍ਰਸਾਰ ਕਰਨ ਲਈ ਉਪਰਾਲੇ ਕਰਨ। ਰਾਸ਼ਟਰਪਤੀ ਨੇ ਕਿਹਾ ਕਿ ਵਿਦਿਆਰਥੀਆਂ ਅਤੇ ਸੋਧਕਰਤਾਵਾਂ ਨੂੰ ਆਦਿਵਾਸੀਆਂ ਦੀ ਜੀਵਨ ਸੈਲੀ ਦਾ ਅਨੁਭਵ ਪ੍ਰਾਪਤ ਕਰਨ ਲਈ ਆਦਿਵਾਸੀ ਪਿੰਡਾਂ ਵਿੱਚ ਘੱਟੋ-ਘੱਟ ਪੰਜ ਦਿਨ ਅਤੇ ਰਾਤਾਂ ਬਿਤਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਆਦਿਵਾਸੀਆਂ ਦੇ ਗਿਆਨ ਨੂੰ ਸਮਾਜ ਦੀ ਬਿਹਤਰੀ ਲਈ ਵਰਤਿਆ ਜਾ ਸਕਦਾ ਹੈ। ਮੁਰਮੂ ਨੇ ਕਿਹਾ, "ਆਦਿਵਾਸੀ ਪਿੰਡਾਂ 'ਚ ਰਹਿਣ ਵਾਲੇ ਬਜੁਰਗ ਜਾਣਦੇ ਹਨ ਕਿ ਕਿਹੜਾ ਪੌਦਾ ਕਿਸ ਬੀਮਾਰੀ ਲਈ ਫਾਇਦੇਮੰਦ ਹੈ। ਕਿਉਂਕਿ ਆਦਿਵਾਸੀ ਆਬਾਦੀ ਪੀੜ੍ਹੀ ਦਰ ਪੀੜ੍ਹੀ ਘਟਦੀ ਜਾ ਰਹੀ ਹੈ, ਇਸ ਲਈ ਹਰੇਕ ਨੂੰ ਆਪਣਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ, ਜੋ ਅਗਲੀ ਪੀੜ੍ਹੀ ਲਈ ਲਾਭਦਾਇਕ ਹੋ ਸਕਦਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਆਜਿਵਾਸੀ ਸਮਾਜ ਵਿੱਚ ਲਿੰਗ ਭੇਦਭਾਵ ਲਗਭਗ ਨਾ-ਮੌਜੂਦ ਹੈ। ਮੁਰਮੂ ਨੇ ਕਿਹਾ, "ਮਹਿਲਾ ਸਸਕਤੀਕਰਨ ਦਾ ਵਿਚਾਰ ਆਦਿਵਾਸੀ ਸਮਾਜ ਤੋਂ ਊਰਜਾ ਪ੍ਰਾਪਤ ਕਰ ਸਕਦਾ ਹੈ।" ਉਨ੍ਹਾਂ ਕਿਹਾ ਕਿ ਜ਼ਿਆਦਾਤਰ ਆਦਿਵਾਸੀ ਇਮਾਨਦਾਰ ਅਤੇ ਸਧਾਰਨ ਲੋਕ ਹਨ। ਉਨ੍ਹਾਂ ਕਿਹਾ ਕਿ ਸਾਦਗੀ ਆਦਿਵਾਸੀਆਂ ਦੀ ਪਛਾਣ ਹੈ ਅਤੇ ਇਹੀ ਉਨ੍ਹਾਂ ਨੂੰ ਦੂਜਿਆਂ ਨਾਲੋਂ ਵੱਖਰਾ ਬਣਾਉਂਦਾ ਹੈ।

## ਕਰਨਾਟਕ ਰਾਜ ਸਭਾ ਚੋਣਾਂ ਤੋਂ ਬਾਅਦ 'ਪਾਕਿਸਤਾਨ ਪੱਖੀ' ਨਾਅਰੇ ਲਾਉਣ ਦੇ ਮਾਮਲੇ 'ਚ ਇੱਕ ਵਿਅਕਤੀ ਹਿਰਾਸਤ 'ਚ

ਬੈਂਗਲੁਰੂ 2 ਮਾਰਚ। ਕਰਨਾਟਕ ਵਿਧਾਨ ਸਭਾ ਦੇ ਅੰਦਰ ਪਾਕਿਸਤਾਨ ਪੱਖੀ ਨਾਅਰੇਬਾਜੀ ਕਰਨ 'ਤੇ ਸੂਬੇ ਦੇ ਹਾਵੇਰੀ ਜ਼ਿਲ੍ਹੇ ਦੇ ਇਕ ਵਿਅਕਤੀ ਨੂੰ ਵੀਰਵਾਰ ਨੂੰ ਹਿਰਾਸਤ 'ਚ ਲੈ ਲਿਆ ਗਿਆ। ਪੁਲਸ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਪੁਲਸ ਅਨੁਸਾਰ ਪਤਾ ਲੱਗਾ ਹੈ ਕਿ ਹਿਰਾਸਤ ਵਿਚ ਲਿਆ ਗਿਆ ਵਿਅਕਤੀ ਹਵੇਰੀ ਜ਼ਿਲ੍ਹੇ ਦੇ ਬਿਆਦਗੀ ਕਸਬੇ ਦਾ ਵਸਨੀਕ ਹੈ ਅਤੇ ਸੁੱਕੀ ਮਿਰਚ ਦਾ ਇੱਕ ਵਪਾਰੀ ਹੈ ਉਹ ਰਾਜ ਸਭਾ ਚੋਣਾਂ ਵਿਚ ਕਾਂਗਰਸੀ ਆਗੂ ਸਈਅਦ ਨਾਸੀਰ ਹੁਸੈਨ ਦੀ ਜਿੱਤ ਦਾ ਜਸਨ ਮਨਾਉਣ ਲਈ ਵਿਧਾਨ ਸਭਾ ਵਿਚ ਆਇਆ ਸੀ। ਆਵਾਜ ਦੇ ਨਮੂਨੇ ਦੇ ਆਧਾਰ 'ਤੇ ਪੁਲਸ ਨੂੰ ਸੱਕ ਹੈ ਕਿ ਮਿਰਚ ਵਪਾਰੀ ਨੇ ਪਾਕਿਸਤਾਨ ਦੇ ਸਮਰਥਨ 'ਚ ਨਾਅਰੇਬਾਜੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਉਸ ਨੂੰ ਅਗਲੇਰੀ ਜਾਂਚ ਲਈ ਬੈਂਗਲੁਰੂ ਲਿਆਂਦਾ ਗਿਆ ਹੈ। ਵਿਧਾਨ ਸੌਧ ਪੁਲਸ ਨੇ ਦੇਸ ਵਿਰੋਧੀ ਨਾਅਰੇ ਲਗਾਉਣ ਦੇ ਦੋਸ 'ਚ ਕੁਝ ਅਣਪਛਾਤੇ ਲੋਕਾਂ ਦੇ ਖ਼ਿਲਾਫ ਮੰਗਲਵਾਰ ਰਾਤ ਨੂੰ ਖੁਦ ਨੋਟਿਸ ਲੈਂਦਿਆਂ ਕੇਸ ਦਰਜ ਕੀਤਾ ਸੀ। ਇਸ ਘਟਨਾ ਦੇ ਸਬੰਧ ਵਿੱਚ ਭਾਜਪਾ ਨੇ ਪੁਲਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਸੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕਾਂ ਨੇ ਵਿਰੋਧੀ ਧਿਰ ਦੇ ਨੇਤਾ ਆਰ ਅਸੋਕ ਦੀ ਅਗਵਾਈ 'ਚ 'ਰਾਜ ਭਵਨ ਚਲੋ' ਮਾਰਚ ਕੱਢਿਆ ਅਤੇ ਸੂਬੇ 'ਚ ਕਾਨੂੰਨ ਵਿਵਸਥਾ ਦੀ ਮਾੜੀ ਸਥਿਤੀ ਦਾ ਦੋਸ ਲਾਉਂਦੇ ਹੋਏ ਕਾਂਗਰਸ ਸਰਕਾਰ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ। ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਵੀਰਵਾਰ ਨੂੰ ਕਿਹਾ ਕਿ ਪੁਲਸ ਨੇ ਕਾਂਗਰਸ ਨੇਤਾ ਸਈਦ ਨਸੀਰ ਹੁਸੈਨ ਦੇ ਸਮਰਥਕਾਂ ਦੁਆਰਾ ਕਥਿਤ "ਪਾਕਿਸਤਾਨ ਪੱਖੀ" ਨਾਅਰੇਬਾਜੀ ਦੇ ਸਬੰਧ ਵਿੱਚ ਸੱਤ ਲੋਕਾਂ ਤੋਂ ਪੁੱਛਗਿੱਛ ਕੀਤੀ ਹੈ। ਸਿੱਧਰਮਈਆ ਨੇ ਭਰੋਸਾ ਦਿੱਤਾ ਕਿ ਸਬੂਤਾਂ ਦੇ ਆਧਾਰ 'ਤੇ ਨਾਅਰੇਬਾਜੀ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਰਾਜ ਸਰਕਾਰ ਦਾ ਕਿਸੇ ਨੂੰ ਬਚਾਉਣ ਦਾ ਕੋਈ ਇਰਾਦਾ ਨਹੀਂ ਹੈ।

## 2 ਤੋਂ ਵੱਧ ਬੱਚੇ ਵਾਲਿਆਂ ਨੂੰ ਸਰਕਾਰੀ ਨੌਕਰੀ ਨਹੀਂ, ਸੁਪਰੀਮ ਕੋਰਟ ਨੇ ਸਰਕਾਰ ਦੇ ਫੈਸਲੇ ਨੂੰ ਰੱਖਿਆ ਬਰਕਰਾਰ

**ਏਜੰਸੀਆਂ**

ਨਵੀਂ ਦਿੱਲੀ 2 ਮਾਰਚ। ਸੁਪਰੀਮ ਕੋਰਟ ਨੇ ਰਾਜਸਥਾਨ ਸਰਕਾਰ ਵਲੋਂ ਸਰਕਾਰੀ ਨੌਕਰੀ ਲੈਣ ਲਈ 2 ਬੱਚਿਆਂ ਦੀ ਯੋਗਤਾ ਦੇ ਮਾਪਦੰਡ ਨੂੰ ਬਰਕਰਾਰ ਰੱਖਿਆ ਹੈ ਅਤੇ ਕਿਹਾ ਹੈ ਕਿ ਇਹ ਪੱਖਪਾਤੀ ਨਹੀਂ ਹੈ ਅਤੇ ਨਾ ਹੀ ਇਹ ਸੰਵਿਧਾਨ ਦੀ ਉਲੰਘਣਾ ਕਰਦਾ ਹੈ। ਰਾਜਸਥਾਨ ਵਿਭਿੰਨ ਸੇਵਾਵਾਂ (ਸੋਧ) ਨਿਯਮ, 2001 ਦੇ ਤਹਿਤ ਉਨ੍ਹਾਂ ਉਮੀਦਵਾਰਾਂ ਨੂੰ ਸਰਕਾਰੀ ਨੌਕਰੀ ਪਾਉਣ ਤੋਂ ਰੋਕਦਾ ਹੈ, ਜਿਨ੍ਹਾਂ ਦੇ 2 ਤੋਂ ਵੱਧ ਬੱਚੇ ਹਨ। ਸੁਪਰੀਮ ਕੋਰਟ ਨੇ 2 ਬੱਚਿਆਂ ਦੇ ਮਾਪਦੰਡ ਨੂੰ ਬਰਕਰਾਰ ਰੱਖਦੇ ਹੋਏ ਸਾਬਕਾ ਸਿਪਾਹੀ ਰਾਮਜੀ ਲਾਲ ਜਾਟ ਦੁਆਰਾ ਦਾਇਰ ਅਪੀਲ ਨੂੰ ਖਾਰਜ ਕਰ ਦਿੱਤਾ, ਜਿਨ੍ਹਾਂ ਨੇ 2017 ਵਿਚ ਫੌਜ ਤੋਂ ਸੇਵਾਮੁਕਤ ਹੋਣ ਤੋਂ ਬਾਅਦ 25 ਮਈ 2018 ਨੂੰ ਰਾਜਸਥਾਨ ਪੁਲਸ 'ਚ ਕਾਂਸਟੇਬਲ ਦੀ ਨੌਕਰੀ ਲਈ ਅਪਲਾਈ ਕੀਤਾ ਸੀ।। ਜਸਟਿਸ ਸੂਰਿਆ ਕਾਂਤ, ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਕੇ. ਵੀ. ਵਿਸਵਨਾਥਨ ਦੀ ਬੈਂਚ ਨੇ ਕਿਹਾ ਕਿ ਸੰਬੰਧਤ ਨਿਯਮ ਗੈਰ-ਭੇਦਭਾਵਪੂਰਨ ਅਤੇ ਇਹ ਸੰਵਿਧਾਨ ਦੀ ਉਲੰਘਣਾ ਨਹੀਂ ਕਰਦਾ। ਰਾਜਸਥਾਨ ਪੁਲਸ ਅਧੀਨ ਸੇਵਾਵਾਂ ਨਿਯਮ, 1989 ਦੇ ਨਿਯਮ 24(4) ਦੇ ਅਨੁਸਾਰ, ਇਕ ਉਮੀਦਵਾਰ ਜਿਸ ਦੇ 1 ਜੂਨ, 2002 ਨੂੰ ਜਾਂ ਇਸ ਤੋਂ ਬਾਅਦ ਦੋ ਤੋਂ ਵੱਧ ਬੱਚੇ ਹਨ, ਸੇਵਾ ਲਈ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ।



ਨਿਯਮ ਦੇ ਆਧਾਰ 'ਤੇ ਜਾਟ ਦੀ ਉਮੀਦਵਾਰੀ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਗਿਆ ਸੀ ਕਿ ਉਨ੍ਹਾਂ ਦੇ 1 ਜੂਨ, 2002 ਤੋਂ ਬਾਅਦ 2 ਤੋਂ ਵੱਧ ਬੱਚੇ ਸਨ ਅਤੇ ਰਾਜਸਥਾਨ ਵੱਖ-ਵੱਖ ਸੇਵਾਵਾਂ (ਸੋਧ) ਨਿਯਮ, 2001 ਦੇ ਅਨੁਸਾਰ ਉਹ ਰਾਜ ਵਿਚ ਸਰਕਾਰੀ ਨੌਕਰੀ ਲਈ ਅਯੋਗ ਹਨ। ਉਨ੍ਹਾਂ ਨੇ ਰਾਜਸਥਾਨ ਹਾਈ ਕੋਰਟ ਤੱਕ ਪਹੁੰਚ ਕੀਤੀ ਜਿਸ ਨੇ ਉਸ ਦੀ ਅਪੀਲ ਨੂੰ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਕਿ ਜਿਸ ਨਿਯਮ ਦੇ ਤਹਿਤ ਉਸ ਨੂੰ ਅਯੋਗ ਠਹਿਰਾਇਆ ਗਿਆ ਸੀ ਉਹ ਨੀਤੀ ਦੇ ਦਾਇਰੇ ਵਿਚ ਆਉਂਦਾ ਹੈ ਅਤੇ ਅਦਾਲਤ ਦੁਆਰਾ ਕਿਸੇ ਦਖਲ ਦੀ ਲੋੜ ਨਹੀਂ ਹੈ। ਹਾਲਾਂਕਿ, ਸਾਬਕਾ ਸੈਨਿਕ ਨੇ ਦਲੀਲ ਦਿੱਤੀ ਕਿ 2 ਬੱਚਿਆਂ ਦੀ ਯੋਗਤਾ ਦੇ ਮਾਪਦੰਡ ਨਿਰਧਾਰਤ ਕਰਨ ਵਾਲੇ ਨਿਯਮਾਂ ਤੋਂ ਇਲਾਵਾ, ਸਾਬਕਾ ਸੈਨਿਕਾਂ ਨੂੰ ਰੱਖਣ ਦੇ ਨਿਯਮ ਹਨ ਜਿੱਥੇ 2 ਤੋਂ ਵੱਧ ਬੱਚੇ ਨਾ ਹੋਣ ਦੀ ਸਰਤ ਨਿਰਧਾਰਤ ਨਹੀਂ ਕੀਤੀ ਗਈ ਹੈ। ਸਿਖਰਲੀ ਅਦਾਲਤ ਨੇ ਕਿਹਾ, "ਸਾਡਾ ਵਿਚਾਰ ਹੈ ਕਿ ਅਜਿਹੀ ਪਟੀਸਨ ਅਪੀਲਕਰਤਾ ਦੇ ਕੇਸ ਨੂੰ ਅੱਗੇ ਨਹੀਂ ਵਧਾਉਂਦੀ। ਇਹ ਨਿਰਵਿਵਾਦ ਹੈ ਕਿ ਅਪੀਲਕਰਤਾ ਨੇ ਰਾਜਸਥਾਨ ਪੁਲਸ ਵਿਚ ਕਾਂਸਟੇਬਲ ਦੇ ਅਹੁਦੇ ਲਈ ਭਰਤੀ ਲਈ ਅਰਜੀ ਦਿੱਤੀ ਸੀ ਅਤੇ ਅਜਿਹੀ ਭਰਤੀ ਰਾਜਸਥਾਨ ਪੁਲਸ ਅਧੀਨ ਸੇਵਾਵਾਂ ਨਿਯਮ, 1989 ਦੁਆਰਾ ਸ਼ਾਸਿਤ ਹੁੰਦੀ ਹੈ।" ਇਸ ਵਿਚ ਕਿਹਾ ਗਿਆ ਹੈ,"1989 ਦੇ ਨਿਯਮ ਵਿਸੇਸ ਤੌਰ 'ਤੇ 2001 ਦੇ ਨਿਯਮਾਂ ਨਾਲ ਜੁੜੀ ਅਨੁਸੂਚੀ 'ਚ ਲੜੀ ਨੰਬਰ 104 'ਤੇ ਸੂਚੀਬੱਧ ਕੀਤੀ ਗਈ ਹੈ।

## ਸਰਕਾਰ ਦਾ ਧਿਆਨ ਚੋਣਾਂ 'ਤੇ ਹੈ, ਕਿਸਾਨਾਂ ਦੀਆਂ ਮੰਗਾਂ 'ਤੇ ਨਹੀਂ : ਕਿਸਾਨ ਆਗੂ ਪੰਧੇਰ

**ਤੇਜਿੰਦਰ ਕੌਰ ਬੱਬਰ**

ਹਰਿਆਣਾ 2 ਮਾਰਚ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ 'ਤੇ ਧਿਆਨ ਨਹੀਂ ਦੇ ਰਹੀ ਹੈ, ਕਿਉਂਕਿ ਉਸ ਦਾ ਪੂਰਾ ਧਿਆਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਜਿੱਤਣ 'ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਦੇਣੀ ਚਾਹੀਦੀ ਅਤੇ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਪੂਰਾ ਕਰਨਾ ਚਾਹੀਦਾ।" ਪੰਧੇਰ ਨੇ ਕਿਹਾ,"ਕਿਸਾਨਾਂ 'ਤੇ ਧਿਆਨ ਦੇਣ ਦੀ ਬਜਾਏ, ਉਨ੍ਹਾਂ ਦਾ ਧਿਆਨ ਇਸ ਗੱਲ 'ਤੇ ਹੈ ਕਿ ਚੋਣਾਂ ਕਿਵੇਂ ਜਿੱਤੀਆਂ ਜਾਣ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਮੰਗਾਂ ਪੂਰੀਆਂ ਹੋਣ ਤੱਕ ਕਿਸਾਨਾਂ ਦਾ ਅੰਦੋਲਨ ਜਾਰੀ ਰਹੇਗਾ। ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਅਤੇ ਕਿਸਾਨ ਮਜਦੂਰ ਮੋਰਚਾ (ਕੇ.ਐੱਮ.ਐੱਮ.) ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਖੇਤੀ ਕਰਜ ਮੁਆਫੀ ਸਮੇਤ ਆਪਣੀਆਂ ਹੋਰ ਮੰਗਾਂ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ 'ਦਿੱਲੀ ਚਲੋ' ਮਾਰਚ ਦੀ ਅਗਵਾਈ ਕਰ ਰਹੇ ਹਨ। ਪੰਧੇਰ ਨੇ ਦੱਸਿਆ ਕਿ ਕਿਸਾਨ ਆਗੂ ਆਪਸ 'ਚ ਚਰਚਾ ਕਰਨ ਤੋਂ



ਬਾਅਦ ਭਵਿੱਖ ਦੀ ਰਣਨੀਤੀ 'ਤੇ ਫੈਸਲਾ ਕਰਨਗੇ। ਪੰਜਾਬ-ਹਰਿਆਣਾ ਦੀ ਖਨੌਰੀ ਸਰਹੱਦ 'ਤੇ 21 ਫਰਵਰੀ ਨੂੰ ਹੋਈ ਝੜਪ ਦੌਰਾਨ 21 ਸਾਲਾ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਸੀ ਅਤੇ ਲਗਭਗ 12 ਪੁਲਸ ਮੁਲਾਜਮ ਜਖਮੀ ਹੋ ਗਏ ਸਨ, ਜਿਸ ਤੋਂ ਬਾਅਦ 'ਦਿੱਲੀ ਚਲੋ' ਮਾਰਚ ਨੂੰ 2 ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਸੀ। 2 ਦਿਨ ਬਾਅਦ, ਕਿਸਾਨ ਆਗੂਆਂ ਨੇ ਪ੍ਰਦਰਸ਼ਨਕਾਰੀ 29 ਫਰਵਰੀ ਤੱਕ ਹਰਿਆਣਾ-ਪੰਜਾਬ ਦੀ ਖਨੌਰੀ ਅਤੇ ਸ਼ੰਭੂ ਸਰਹੱਦ 'ਤੇ ਡੇਰਾ ਲਾਈ ਰੱਖਣਗੇ। ਵੀਰਵਾਰ ਨੂੰ ਭਵਿੱਖ ਦੀ ਰਣਨੀਤੀ 'ਤੇ ਫੈਸਲਾ ਲੈਣ ਦੀ ਗੱਲ ਕੀਤੀ ਗਈ ਸੀ, ਹਾਲਾਂਕਿ ਕਿਸਾਨ ਜੱਥੇਬੰਦੀਆਂ ਨੇ ਅਜੇ ਤੱਕ ਕੋਈ ਐਲਾਨ ਨਹੀਂ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਕਿਸਾਨ ਸਵਾਮੀਨਾਥਨ ਕਮਿਸ਼ ਦੀਆਂ ਸਿਫਾਰਿਸ਼ਾਂ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜਦੂਰਾਂ ਲਈ ਪੈਨਸ਼ਨ, ਬਿਜਲੀ ਦਰਾਂ 'ਚ ਕੋਈ ਵਾਧਾ ਨਹੀਂ ਕਰਨ, ਪੁਲਸ 'ਚ ਦਰਜ ਮਾਮਲਿਆਂ ਨੂੰ ਵਾਪਸ ਲੈਣ, 2021 ਦੀ ਲਖੀਮਪੁਰ ਖੀਰੀ ਹਿੰਸਾ ਦੇ ਪੀੜਤਾਂ ਲਈ ਨਿਆਂ, ਜਮੀਨ ਐਕਵਾਇਰ ਐਕਟ 2013 ਨੂੰ ਬਹਾਲ ਕਰਨ ਅਤੇ 2020-21 ਦੇ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜਾ ਦੇਣ ਦੀ ਵੀ ਮੰਗ ਕਰ ਰਹੇ ਹਨ।


DELHI STATE LEGAL SERVICES AUTHORITY
SEWA SAMADHAN SAMARPAN
ਦਿੱਲੀ ਪੁਲਿਸ
ਸ਼ਾਂਤੀ ਸੇਵਾ ਨਿਆਏ
ACCESS TO JUSTICE FOR ALL

ਰਾਸ਼ਟਰੀ ਵਿਧਿਕ ਸੇਵਾਵਾਂ ਪ੍ਰਾਧਿਕਰਨ ਦੇ ਤਤਵਾਧਾਨ 'ਚ ਅਤੇ
ਦਿੱਲੀ ਯਾਤਾਯਾਤ ਪੁਲਿਸ
ਦੇ ਸਹਿਯੋਗ ਤੋਂ
ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਨ
ਵਲੋਂ
ਰਾਸ਼ਟਰੀ ਲੋਕ ਅਦਾਲਤ
ਦਾ ਆਯੋਜਨ
09 ਮਾਰਚ, 2024 (ਐਤਵਾਰ) ਸਵੇਰੇ: 10:00 ਵਜੇ ਤੋਂ ਸ਼ਾਮ 04:00 ਵਜੇ ਤੱਕ
ਭੁਗਤਾਨ ਯੋਗ ਟ੍ਰੈਫਿਕ ਚਾਲਾਨ ਦੇ ਨਿਪਟਾਰੇ ਦੇ ਲਈ
ਸਾਰੇ ਪ੍ਰਕਾਰ ਦੇ ਵਾਹਨਾਂ (ਵਪਾਰਕ ਵਾਹਨਾਂ ਸਹਿਤ) ਔਨ ਦ ਸਪੌਟ ਦਾ ਚਾਲਾਨ ਅਤੇ ਨੋਟਿਸ ਜੋ ਦਿੱਲੀ ਯਾਤਾਯਾਤ ਪੁਲਿਸ ਵੇਬਸਾਈਟ 'ਤੇ ਮਿਤੀ 30.11.2023 ਤੱਕ ਲੰਬਿਤ ਹਨ
• ਦਵਾਰਕਾ • ਕੜਕੜਡੂਮਾ • ਪਟਿਆਲਾ ਹਾਊਸ • ਰੋਹਿਣੀ, • ਰਾਊਜ਼ ਏਵੇਨਿਊ • ਸਾਕੇਤ ਅਤੇ ਤੀਸ ਹਜਾਰੀ
ਨਿਆਲਿਆ ਪਰਿਸਰਾਂ ਦੇ ਕਿਸੀ ਵੀ ਕੋਰਟ ਵਿੱਚ
ਨੋਟ: ਇਸ ਨੇਸ਼ਨਲ ਲੋਕ ਅਦਾਲਤ 'ਚ ਸਾਰੇ ਵਾਹਨਾਂ (ਵਪਾਰਕ ਵਾਹਨਾਂ ਸਹਿਤ) ਦੇ, ਕੇਵਲ ਭੁਗਤਾਨ ਯੋਗ (Compoundable) ਚਾਲਾਨ ਲਏ ਜਾਣਗੇ, ਜੋ ਦਿੱਲੀ ਯਾਤਾਯਾਤ ਪੁਲਿਸ ਵੇਬਸਾਈਟ 'ਤੇ ਮਿਤੀ 30.11.2023 ਤੱਕ ਲੰਬਿਤ ਹਨ।
ਹਰੇਕ ਅਦਾਲਤ 'ਚ 1000 ਚਾਲਾਨ/ਨੋਟਿਸ ਲਏ ਜਾਣਗੇ, ਜੋ ਸਾਰੇ ਕੋਰਟ ਪਰਿਸਰਾਂ ਦੀ 180 ਲੋਕ ਅਦਾਲਤ ਬੈਂਚਾਂ 'ਚ ਕੁਲ 1,80,000 ਚਾਲਾਨਾਂ ਦਾ ਨਿਪਟਾਰਾ ਕੀਤਾ ਜਾਵੇਗਾ।
ਸਾਰੇ ਚਾਲਾਨ/ਨੋਟਿਸ ਪਰਚੀ ਦਿੱਲੀ ਯਾਤਾਯਾਤ ਪੁਲਿਸ ਦੀ ਵੇਬਸਾਈਟ ਤੋਂ ਡਾਊਨਲੋਡ ਕੀਤੇ ਜਾਣਗੇ। ਚਾਲਾਨ/ਨੋਟਿਸ ਦਾ ਨਿਪਟਾਰਾ ਕਰਨ ਲਈ ਚਾਲਾਨ/ਨੋਟਿਸ ਦੀ ਪਰਚੀ ਦਾ ਪ੍ਰਿੰਟ ਆਊਟ ਲਿਆਉਣਾ ਜ਼ਰੂਰੀ ਹੈ। ਅਤੇ ਪ੍ਰਿੰਟਆਊਟ ਕੱਢਣ ਦੀ ਕੋਈ ਵੀ ਸੁਵਿਧਾ ਕੋਰਟ ਪਰਿਸਰਾਂ 'ਚ ਨਹੀਂ ਹੋਵੇਗੀ।
ਚਾਲਾਨ/ਨੋਟਿਸ ਦਾ ਪ੍ਰਿੰਟ ਆਊਟ ਕੱਢਣ ਦੇ ਲਈ
https:/traffic.delhipolice.gov.in/notice/lokadalat
'ਤੇ ਲੌਗ-ਇਨ ਕਰਨਾ ਹੋਵੇਗਾ।
ਇਹ ਲਿੰਕ 05 ਮਾਰਚ 2024 ਨੂੰ ਸਵੇਰੇ: 10:00 ਵਜੇ ਤੋਂ ਚਾਲਾਨਾਂ ਦੀ ਤਯ ਸੀਮਾ ਪੂਰੀ ਹੋਣ ਤੱਕ ਖੁੱਲਿਆ ਰਹੇਗਾ।
ਅਗਰ ਤੁਸੀਂ ਆਪਣੇ ਚਾਲਾਨ/ਨੋਟਿਸ ਦਾ ਨਿਪਟਾਰਾ ਚਾਹੁੰਦੇ ਹੋ ਤਾਂ ਚਾਲਾਨ 'ਚ ਦਰਜ ਕੋਰਟ ਪਰਿਸਰ ਅਤੇ ਕੋਰਟ ਸੰਖਿਆ 'ਚ ਦਿੱਤੇ ਗਏ ਸਮੇਂ 'ਤੇ ਹੀ ਜਾਓ।
ਕ੍ਰਿਪਾ ਲੋਕ ਅਦਾਲਤ 'ਚ ਆਪਣੇ ਚਾਲਾਨ/ਨੋਟਿਸ ਦੀ ਪਰਚੀ ਦਾ ਪ੍ਰਿੰਟ ਆਊਟ ਨਾਲ ਲੈਕੇ ਜਾਓ।
ਨੋਟ: • ਚਾਲਾਨ ਡਾਊਨਲੋਡ ਕਰਨ ਦੇ ਤਰੀਕੇ ਨੂੰ ਜਾਨਣ ਦੇ ਲਈ ਕਿਊ ਆਰ ਕੋਡ ਨੰਬਰ-1 ਨੂੰ ਸਕੈਨ ਕਰੋ।
• ਵਾਦਿਆਂ ਵਲੋਂ ਚਾਲਾਨ ਪਰਚੀਆਂ ਸਿੱਧੇ ਉਪਰ ਦਿੱਤੇ ਗਏ ਲਿੰਕ ਤੋਂ ਜਾਂ ਹੇਠਾਂ ਦਿੱਤੇ ਗਏ ਕਿਊ ਆਰ ਕੋਡ ਨੰਬਰ-2 ਨੂੰ ਸਕੈਨ ਕਰਕੇ ਡਾਊਨਲੋਡ ਕੀਤੀ ਜਾ ਸਕਦੀ ਹੈ।
ਕਿਊਆਰ ਕੋਡ-1 ਚਾਲਾਨ ਕਿਵੇਂ ਡਾਊਨਲੋਡ ਕਰੋ ਦੇਖਣ ਦੇ ਲਈ ਸਕੈਨ ਕਰੋ
ਕਿਊਆਰ ਕੋਡ-2 ਚਾਲਾਨ ਡਾਊਨਲੋਡ ਕਰਨ ਦੇ ਲਈ ਸਕੈਨ ਕਰੋ
24 ਘੰਟੇ ਯਾਤਾਯਾਤ ਹੇਲਪਲਾਈਨ : 1095/011-25844444
ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਨ
ਰਾਊਜ਼ ਅਵੇਨਿਊ ਜਿਲ੍ਹਾ ਕੋਰਟਸ ਕੰਪਲੇਕਸ ਤੀਸਰੀ ਮੰਜਿਲ, ਪੰਡਿਤ ਦੀਨ ਦਿਆਲ ਉਪਾਧਿਆਏ ਮਾਰਗ, ਨਵੀਂ ਦਿੱਲੀ - 110002
ਹੇਲਪਲਾਈਨ 1516
ਤੁਸੀਂ ਸਾਡੇ ਨਾਲ ਜੁੜੋ : @dtptraffic
ਟ੍ਰੈਫਿਕ ਪ੍ਰਹਰੀ ਬਣੋ
Available on the App Store ਜਾਂ GET IT ON Google Play ਤੋਂ ਐਪ ਡਾਊਨਲੋਡ ਕਰੋ
ਪੁਲਿਸ ਆਯੁਕਤ, ਦਿੱਲੀ ਨੂੰ ਈਮੇਲ ਕਰੋ: cp.sanjayarora@delhipolice.gov.in • ਲਿਖੋ: ਪੁਲਿਸ ਆਯੁਕਤ, ਦਿੱਲੀ ਨੂੰ ਪੋਸਟ ਬੱਕਸ ਨੰ. 171, ਜੀਪੀਓ, ਨਵੀਂ ਦਿੱਲੀ
ਤੁਰੰਤ ਪੁਲਿਸ ਸਹਾਇਤਾ ਦੇ ਲਈ 112 'ਤੇ ਕੱਲ ਕਰੋ
ਪੁਲਿਸ ਨੂੰ ਸੂਚਨਾ ਦੇਣ ਦੇ ਲਈ ਕੱਲ ਕਰੋ-14547
DP/9645/2024

Punjab Land of Unlimited Opportunities







ਮੁੱਖ ਮੰਤਰੀ

## ਭਗਵੰਤ ਸਿੰਘ ਮਾਨ

ਦੀ ਯੋਗ ਅਗਵਾਈ ਹੇਠ

## ਪੰਜਾਬ ਦੇ ਸਿੱਖਿਆ ਕ੍ਰਾਂਤੀ ਵੱਲ ਵਧਦੇ ਕਦਮ

# ਸਕੂਲ ਆਫ਼ ਐਮੀਨੈਂਸ

## ਇੰਦਰਾਪੁਰੀ, ਲੁਧਿਆਣਾ

# ਦਾ ਉਦਘਾਟਨ

**ਮੁੱਖ ਮਹਿਮਾਨ**

## ਸ੍ਰੀ ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ, ਦਿੱਲੀ

## 3 ਮਾਰਚ, 2024



**ਭਗਵੰਤ ਸਿੰਘ ਮਾਨ**

ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# 35,000 ਰੁਪਏ ਰਿਸ਼ਵਤ ਲੈਂਦਾ ਮਾਲ ਵਿਭਾਗ ਦਾ ਤਕਨੀਕੀ ਸਹਾਇਕ ਵਿਜੀਲੈਂਸ ਵੱਲੋਂ ਕਾਬੂ



ਚੰਡੀਗੜ੍ਹ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਬਰਨਾਲਾ ਜ਼ਿਲ੍ਹੇ ਦੇ ਤਹਿਸੀਲਦਾਰ ਮਹਿਲ ਕਲਾਂ ਦੇ ਦਫ਼ਤਰ ਵਿੱਚ ਤਕਨੀਕੀ ਸਹਾਇਕ ਵਜੋਂ ਤਾਇਨਾਤ ਕੁਲਬੀਰ ਸਿੰਘ ਨੂੰ 35,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਮਹਿਲ ਕਲਾਂ ਦੇ ਵਸਨੀਕ ਸੰਜੇ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਸਬੰਧਤ ਹਲਕਾ ਪਟਵਾਰੀ ਹਰਦੇਵ ਸਿੰਘ ਰਾਹੀਂ ਨਾਇਬ ਤਹਿਸੀਲਦਾਰ ਮਹਿਲ ਕਲਾਂ ਤੋਂ ਰਜਿਸਟਰੀ ਕਰਵਾਉਣ ਬਦਲੇ 40,000 ਰੁਪਏ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 35,000 ਰੁਪਏ ਰਿਸ਼ਵਤ ਲੈਂਦਿਆਂ ਮੌਕੇ ’ਤੇ ਹੀ ਦਬੋਚ ਲਿਆ। ਇਸ ਸਬੰਧੀ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਲਕੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਜਾਂਚ ਦੌਰਾਨ ਹੋਰ ਅਧਿਕਾਰੀਆਂ/ ਕਰਮਚਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

## ਵਿਧਾਨ ਸਭਾ ਦੀ ਸਥਾਨਕ ਸਰਕਾਰਾਂ ਬਾਰੇ ਸਬ ਕਮੇਟੀ ਵੱਲੋਂ ਪਟਿਆਲਾ ਸ਼ਹਿਰ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ

# ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ ਤੇ ਕੁਲਜੀਤ ਸਿੰਘ ਰੰਧਾਵਾ ਵੱਲੋਂ ਅਧਿਕਾਰੀਆਂ ਨਾਲ ਬੈਠਕ



ਵਿਧਾਨ ਸਭਾ ਦੀ ਸਥਾਨਕ ਸਰਕਾਰਾਂ ਬਾਰੇ ਕਮੇਟੀ ਵੱਲੋਂ ਗਠਿਤ ਸਬ ਕਮੇਟੀ ’ਚ ਸ਼ਾਮਲ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ ਅਤੇ ਕੁਲਜੀਤ ਸਿੰਘ ਰੰਧਾਵਾ, ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਹੋਰ ਅਧਿਕਾਰੀਆਂ ਨਾਲ ਜਾਇਜ਼ਾ ਬੈਠਕ ਕਰਦੇ ਹੋਏ।

ਪਟਿਆਲਾ, 2 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੀ ਸਥਾਨਕ ਸਰਕਾਰਾਂ ਦੀ ਕਮੇਟੀ ਵੱਲੋਂ ਵਿਧਾਇਕਾਂ ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ ਅਤੇ ਕੁਲਜੀਤ ਸਿੰਘ ਰੰਧਾਵਾ ’ਤੇ ਅਧਾਰਤ ਗਠਿਤ ਕੀਤੀ ਸਬ ਕਮੇਟੀ ਨੇ ਅੱਜ ਨਗਰ ਨਿਗਮ ਵਿਖੇ ਇੱਕ ਅਹਿਮ ਬੈਠਕ ਕਰਕੇ ਸ਼ਹਿਰ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।

ਜਿਕਰਯੋਗ ਹੈ ਕਿ ਸਥਾਨਕ ਸਰਕਾਰਾਂ ਦੀ ਕਮੇਟੀ ਨੇ ਚੇਅਰਮੈਨ ਤੇ ਵਿਧਾਇਕ ਲੁਧਿਆਣਾ ਪੱਛਮੀ ਗੁਰਪ੍ਰੀਤ ਬੱਸੀ ਗੋਗੀ ਦੀ ਅਗਵਾਈ ਹੇਠ ਲੰਘੀ 19 ਜਨਵਰੀ ਨੂੰ ਨਗਰ ਨਿਗਮ ਤੇ ਨਗਰ ਸੁਧਾਰ ਟਰੱਸਟ ਪਟਿਆਲਾ ਦੇ ਨਾਲ ਸਬੰਧਤ ਵਿਕਾਸ ਕਾਰਜਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਸੀ ਅਤੇ ਇਨ੍ਹਾਂ ਕੰਮਾਂ ਦਾ ਦੁਬਾਰਾ ਜਾਇਜ਼ਾ ਲੈਣ ਲਈ ਇੱਕ ਸਬ ਕਮੇਟੀ ਦਾ ਗਠਨ ਕੀਤਾ ਸੀ। ਇਸੇ ਕਮੇਟੀ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਟਿਆਲਾ ਸ਼ਹਿਰ ਵਿੱਚ ਪਿਛਲੇ ਸਮੇਂ ਦੌਰਾਨ ਹੋਏ ਵਿਕਾਸ ਕਾਰਜਾਂ ’ਤੇ ਤਸੱਲੀ ਦਾ ਇਜ਼ਹਾਰ ਕਰਦਿਆਂ ਚੱਲ ਰਹੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ। ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਸਬ ਕਮੇਟੀ ਨੇ ਪਿਛਲੇ ਸਮੇਂ ਵਿਧਾਨ ਸਭਾ ਕਮੇਟੀ ਵੱਲੋਂ ਦਿੱਤੇ ਗਏ ਨਿਰਦੇਸ਼ਾਂ ’ਤੇ ਹੋਏ ਕੰਮਾਂ ਦਾ ਅੱਜ ਬਾਰੀਕੀ ਨਾਲ ਮੁਲੰਕਣ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਦੌਰੇ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਪਟਿਆਲਾ ਸ਼ਹਿਰ ਵਿੱਚ ਕਰਵਾਏ ਗਏ ਕੰਮ ਲੋਕਾਂ ਨੂੰ ਦਿਸਣ ਲੱਗੇ ਹਨ, ਇਸ ’ਤੇ ਕਮੇਟੀ ਨੇ ਤਸੱਲੀ ਦਾ ਇਜ਼ਹਾਰ ਕੀਤਾ ਹੈ।

ਵਿਧਾਇਕ ਕੋਹਲੀ ਨੇ ਕਿਹਾ ਕਿ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਧੰਨਵਾਦ ਹੈ, ਜਿਨ੍ਹਾਂ ਨੇ ਕਾਬਲ ਵਿਧਾਇਕਾਂ ਦੀ ਕਮੇਟੀ ਦਾ ਗਠਨ ਕਰਕੇ ਪਟਿਆਲਾ ਭੇਜਿਆ ਅਤੇ ਇਸ ਕਮੇਟੀ ਵੱਲੋਂ ਨਿਰੰਤਰ ਜਾਇਜ਼ਾ ਲਿਆ ਜਾਵੇਗਾ ਤਾਂ ਕਿ ਪਟਿਆਲਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮੇਂ ਸਿਰ ਮੁਕੰਮਲ ਕਰਕੇ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਦਿੱਤੀਆਂ ਜਾ ਸਕਣ।

ਸਬ ਕਮੇਟੀ ‘ਚ ਸ਼ਾਮਲ ਵਿਧਾਇਕਾਂ ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ ਤੇ ਕੁਲਜੀਤ ਸਿੰਘ ਰੰਧਾਵਾ ਡੇਰਾਬਸੀ ਨੇ ਅਧਿਕਾਰੀਆਂ ਤੋਂ ਸਥਾਨਕ ਸਰਕਾਰਾਂ ਕਮੇਟੀ ਵੱਲੋਂ ਪਿਛਲੇ ਦੌਰੇ ਸਮੇਂ ਦਿੱਤੇ ਗਏ ਨਿਰਦੇਸ਼ਾਂ ’ਤੇ ਕੀਤੇ ਗਏ ਅਮਲ ਦੀ ਮੁਕੰਮਲ ਜਾਣਕਾਰੀ ਲਈ ਅਤੇ ਹੋਰ ਲੋੜੀਂਦੇ ਨਿਰਦੇਸ਼ ਦਿੱਤੇ।

ਬੈਠਕ ਦੌਰਾਨ ਏ.ਸੀ. ਮਾਰਕਿਟ ਨੇੜੇ ਬਹੁ ਮੰਜ਼ਿਲਾਂ ਕਾਰ ਪਾਰਕਿੰਗ, ਨਹਿਰੀ ਪਾਣੀ ਪ੍ਰੋਜੈਕਟ, ਸ਼ਹਿਰ ਵਿੱਚਲੇ ਨਜਾਇਜ਼ ਕਬਜ਼ਿਆਂ, ਸਾਫ਼ ਸਫ਼ਾਈ, ਕੂੜੇ ਦੇ ਬਿਨਜ਼ ਦਾ ਰੱਖ-ਰਖਾਓ, ਅਬਲੋਵਾਲ ਡੇਅਰੀ ਪ੍ਰਾਜੈਕਟ, ਨਗਰ ਸੁਧਾਰ ਟਰੱਸਟ ਦਾ ਮਿਡ ਟਾਊਨ ਪਲਾਜ਼ਾ, ਨਗਰ ਨਿਗਮ ਦੀ ਆਮਦਨ ਵਧਾਉਣ, ਸ਼ਹਿਰ ਵਿਚਲੀਆਂ ਬਿਜਲੀ ਦੀਆਂ ਤਾਰਾਂ ਜ਼ਮੀਨਦੋਜ਼ ਕਰਨ, ਕਬਾੜੀ ਮਾਰਕੀਟ ਵਿਖੇ ਸੀਵਰੇਜ, ਸੜਕਾਂ, ਤੇ ਹੋਰ ਵਿਕਾਸ ਪ੍ਰਾਜੈਕਟਾਂ ਦਾ ਵੀ ਜਾਇਜ਼ਾ ਲੈਂਦਿਆਂ ਇਨ੍ਹਾਂ ਨੂੰ ਮਿੱਥੇ ਸਮੇਂ ਵਿੱਚ ਕਰਵਾਉਣ ਬਾਰੇ ਕਿਹਾ ਗਿਆ। ਕਮੇਟੀ ਨੇ ਹਦਾਇਤ ਕੀਤੀ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ, ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਨਿਗਮ ਦੇ ਸੀਨੀਅਰ ਅਧਿਕਾਰੀਆਂ ਸਮੇਤ ਬਿਜਲੀ ਨਿਗਮ, ਨਗਰ ਸੁਧਾਰ ਟਰੱਸਟ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਕਾਂਗਰਸ ਪਾਰਟੀ ਵੱਲੋ. ਪੰਜਾਬ ਦੇ ਸਾਰਿਆਂ ਹਲਕਿਆਂ ਅੰਦਰ ਕਿਸਾਨ ਮਜ਼ਦੂਰ ਏਕਤਾ ਬੈਨਰ ਹੇਠਾਂ ਵਿਸ਼ਾਲ ਟਰੈਕਟਰ ਰੈਲੀ



ਤਰਨਤਾਰਨ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਪੀ ਪੀ ਪੀ ਸੀ ਮੈਂਬਰ ਮਨਿੰਦਰ ਪਾਲ ਸਿੰਘ ਪਲਾਸੌਰ ਦੀ ਪ੍ਰਧਾਨਗੀ ਹੇਠ ਇੱਕ ਵਿਸ਼ਾਲ ਅਤੇ ਅਹਿਮ ਮੀਟਿੰਗ ਹੋਈ ਜਿਸ ਵਿੱਚ ਉਚੇਚੇ ਤੌਰ ’ਤੇ ਸ਼੍ਰੀ ਵੇਦ ਪ੍ਰਕਾਸ਼ ਵੇਦੀ ਅਬਜ਼ਰਵਰ ਆਲ ਇੰਡੀਆ ਕਾਂਗਰਸ ਕਮੇਟੀ , ਸ਼੍ਰੀ ਰਜਿੰਦਰ ਚੌਹਾਨ , ਕੋਆਰਡੀਨੇਟਰ ਵਿਧਾਨ ਸਭਾ ਹਲਕਾ ਤਰਨਤਾਰਨ ਨੇ ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ ਬਨੈਰ ਹੇਠ ਝਬਾਲ ਦਾਣਾ ਮੰਡੀ ਤੋ ਇਕ ਕੇਂਦਰ ਸਰਕਾਰ ਖਿਲਾਫ ਟੈਰਕਟਰ ਰੈਲੀ ਕੱਢੀ ਗਈ ।ਇਹ ਰੈਲੀ ਝਬਾਲ ਤੋ ਚਲ ਕੇ ਵਖ ਵਖ ਪਿੰਡਾ ਰਾਹੀ ਹੋ ਕੇ ਤਰਨਤਾਰਨ ਐਸ ਡੀ ਐਮ ਕੰਪਲੈਕਸ ਗੇਟ ਅਗੇ ਸਮਾਪਤ ਹੋਈ ।

ਇਸ ਮੌਕੇ ’ਤੇ ਬੋਲਦਿਆਂ ਹੋਇਆਂ ਸ੍ਰੀ ਵੇਦ ਪ੍ਰਕਾਸ਼ ਵੇਦੀ ਅਬਜਰਵਰ ਆਲ ਇੰਡੀਆ ਕਾਂਗਰਸ ਕਮੇਟੀ / ਪੰਜਾਬ ਦੀ ਧਰਤੀ ’ਤੇ ਪੰਜਾਬ ਦੇ ਜੁਝਾਰੂ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਆਉਣ ਵਾਲੀਆਂ ਪਾਰਲੀਮੈਂਟ ਚੋਣਾਂ ਦਾ ਬਿਗੁਲ ਵਜਾਉਣਗੇ । ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ ਫਿਰਕਾਪ੍ਰਸਤੀ ਦਾ ਦੌਰ ਖਤਮ ਕਰਨ ਲਈ ਦੇਸ਼ ਵਾਸੀਆਂ ਨੂੰ ਵਾਸੀਆਂ ਵੱਲੋਂ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਦਾ ਗਠਨ ਕੀਤਾ ਜਾਵੇਗਾ । ਸ਼੍ਰੀ ਵੇਦੀ ਨੇ ਕਿਹਾ ਕਿ ਮੋਦੀ ਦੀ ਅਗਵਾਈ ਹੇਠ ਚੱਲ ਰਹੀ ਭਾਜਪਾ ਦੀ ਸਰਕਾਰ ਦੇਸ਼ ਅਤੇ ਲੋਕਤੰਤਰ ਵਾਸਤੇ ਖਤਰਾ ਹੈ । ਖੁਦਾ ਨਾ ਖਾਸਤਾ ਜੇਕਰ ਇਨ੍ਹਾਂ ਚੋਣਾਂ ਵਿੱਚ ਵੀ ਭਾਜਪਾ ਦੀ ਸਰਕਾਰ ਬਣ ਗਈ ਤਾਂ ਅੱਗੇ ਤੋਂ ਦੇਸ਼ ਵਿੱਚ ਕਦੇ ਵੀ ਚੋਣਾਂ ਨਹੀਂ ਹੋਣਗੀਆਂ ਅਤੇ ਘੱਟ ਗਿਣਤੀਆਂ ਦੀ ਹੋਂਦ ਨੂੰ ਫਿਰਕਾਪ੍ਰਸਤੀ ਦਾ ਦੈਂਤ ਖਾ ਜਾਵੇਗਾ ।

ਸ਼੍ਰੀ ਵੇਦ ਪ੍ਰਕਾਸ਼ ਵੇਦੀ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਵਿੱਚ ਉਨ੍ਹਾਂ ਨੇ ਵੇਖਿਆ ਹੈ ਕਿ ਜਿੰਨਾਂ ਬੂਥਾਂ ’ਤੋਂ ਭਾਜਪਾ ਨੂੰ ਇੱਕ ਵੀ ਵੋਟ ਨਹੀਂ ਪਈ ਗਿਣਤੀ ਕਰਨ ਸਮੇਂ ਉਨ੍ਹਾਂ ਬੂਥਾਂ ’ਤੋਂ ਭਾਜਪਾ ਜੇਤੂ ਰਹੀ ਹੈ । ਉਨ੍ਹਾਂ ਨੇ ਕਿਹਾ ਕਿ ਭਾਜਪਾ ਈ ਵੀ ਐਮ ਰਾਹੀਂ ਧੋਖਾ ਧੜੀ ਕਰ ਕੇ ਆਪਣੀਆਂ ਸਰਕਾਰਾਂ ਬਣਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ ।

ਉਨ੍ਹਾਂ ਨੇ ਲੋਕਾਂ ਅਤੇ ਕਾਂਗਰਸ ਪਾਰਟੀ ਦੇ ਵਰਕਰਾਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਆਉਣ ਵਾਲੀਆਂ ਨਸਲਾਂ ਨੂੰ ਬਚਾਉਣ ਵਾਸਤੇ ਭਾਜਪਾ ਨੂੰ ਲੱਕ ਤੋੜਵੀਂ ਹਾਰ ਦਿਉ ।

ਇਸ ਤੋਂ ਪਹਿਲਾ ਪਲਾਸੌਰ ਬੋਲਦਿਆ ਹੋਇਆ ਕਿਹਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਦੇ ਸਿਸਟਮ ਨੂੰ ਨਕਾਰਾ ਕਰ ਕੇ ਰੱਖ ਦਿੱਤਾ ਹੈ । ਸੂਬੇ ਵਿੱਚ ਇਸ ਵਕਤ ਗੈਂਗਸਟਰਾਂ ਦਾ ਰਾਜ ਹੈ ਅਤੇ ਕਿਸੇ ਵੀ ਨਾਗਰਿਕ ਦੀ ਜਾਨ ਮਾਲ ਸੁਰਖਿਅਤ ਨਹੀਂ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਨੂੰ ਚੁੱਟਕਲੇ ਸੁਣਾਉਣ ਤੋਂ ਇਲਾਵਾ ਹੋਰ ਕੁੱਝ ਨਹੀਂ ਕਰ ਰਿਹਾ ।ਸਿਰਫ ਤਾ ਸਿਰਫ ਹਰ ਪਾਸੇ ਲੋਕ ਤਰਾਹ ਤਰਾਹ ਕਰ ਰਹੇ ।ਮਹਿੰਗਾਈ ਦਿਨੋ ਦਿਨ ਵਧਦੀ ਜਾ ਰਹੀ ਹੈ ।ਰੋਜਾਨਾ ਹੀ ਲੁੱਟ ਖੋਹਾ ਕਰਨ ਦੀਆ ਵਰਦਾਤਾ ਵਧ ਰਹੀਆ ਹਨ।

## ਡਾ.ਅਸ਼ਵਨੀ ਭੱਲਾ ਵੱਲੋਂ ਜਨਰੇਟਰ ਦਾ ਉਦਘਾਟਨ

ਪਟਿਆਲਾ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

24 ਅਪ੍ਰੈਲ 2023 ਨੂੰ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਨੇ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿਖੇ ਵਿਦਿਆਰਥਣਾ ਨਾਲ ਸਿੱਧੀ ਗੱਲਬਾਤ ਦੇ ਮੌਕੇ ਕਾਲਜ ਦੇ ਵਿਕਾਸ ਕਾਰਜਾਂ ਲਈ ਗ੍ਰਾਂਟ ਜਾਰੀ ਕਰਨ ਦਾ ਐਲਾਨ ਕੀਤਾ ਸੀ। ਸਮੂਹ ਜੀ.ਸੀ.ਜੀ. ਪਰਿਵਾਰ ਲਈ ਬੜਾ ਖੁਸ਼ੀ ਤੇ ਮਾਣ ਦਾ ਮੌਕਾ ਸੀ ਜਦੋਂ ਇਸ ਗਰਾਂਟ ਅਧੀਨ ਲਗਵਾਏ ਗਏ ਜਨਰੇਟਰ ਦਾ ਉਦਘਾਟਨ ਅੱਜ ਮਾਨਯੋਗ ਡਿਪਟੀ ਡੀ.ਪੀ.ਆਈ. ਡਾ.ਅਸ਼ਵਨੀ ਭੱਲਾ ਵੱਲੋਂ ਕੀਤਾ ਗਿਆ 9 ਸਮੂਹ ਕਾਲਜ ਪਰਿਵਾਰ, ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹੈ ਕਿ ਉਹਨਾਂ ਨੇ ਵਾਅਦਾ ਨਿਭਾਉਂਦੇ ਹੋਏ ਇਹ ਗਰਾਂਟ ਜਾਰੀ ਕਰਕੇ ਕਾਲਜ ਦੇ ਵਿਕਾਸ ਕਾਰਜਾਂ ਨੂੰ ਅਗਾਹ ਤੋਰਿਆ ਹੈ। ਕਾਲਜ ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਨੇ ਡਿਪਟੀ ਡੀ.ਪੀ.ਆਈ. ਡਾ.ਅਸ਼ਵਨੀ ਭੱਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਨਰੇਟਰ ਦੀ ਆਮਦ ਨਾਲ ਕਾਲਜ ਦੇ ਕਾਰਜਾਂ ਵਿੱਚ ਗੁਣਾਤਮਕ ਤਬਦੀਲੀ ਆਵੇਗੀ।

# ਸਨੋ ਮੈਰਾਥਨ ਦਾ ਤੀਜਾ ਐਡੀਸ਼ਨ 10 ਮਾਰਚ ਨੂੰ ਸਿਸੂ, ਲਾਹੌਲ ਵਿੱਚ ਕੀਤਾ ਜਾਵੇਗਾ ਆਯੋਜਿਤ



ਜਲੰਧਰ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਨੋ ਮੈਰਾਥਨ ਦਾ ਤੀਜਾ ਐਡੀਸ਼ਨ 10 ਮਾਰਚ ਨੂੰ ਲਾਹੌਲ ਅਤੇ ਸਪਿਤੀ ਜ਼ਿਲ੍ਹੇ ਦੇ ਸਿਸੂ ਵਿਖੇ ਆਯੋਜਿਤ ਕੀਤਾ ਜਾਵੇਗਾ। ਇਹ ਵਿਸ਼ਵ ਵੱਕਾਰੀ ਸਨੋ ਮੈਰਾਥਨ ਰੀਚ ਇੰਡੀਆ, ਹਿਮਾਚਲ ਟੂਰਿਜ਼ਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਮੁੱਖ ਪ੍ਰਬੰਧਕ ਰਾਜੀਵ ਕੁਮਾਰ ਨੇ ਦੱਸਿਆ ਕਿ ਸਮਾਗਮ ਦੀਆਂ ਲਗਭਗ ਸਾਰੀਆਂ ਤਿਆਰੀਆਂ ਯੋਜਨਾਬੱਧ ਤਰੀਕੇ ਨਾਲ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਈਵੈਂਟ ਨੂੰ ਏਸ਼ੀਆ ਦੀ ਇਕਲੌਤੀ ਅਤੇ ਵਿਸ਼ਵ ਦੀ ਸਭ ਤੋਂ ਉੱਚੀ ਬਰਫ ਦੀ ਮੈਰਾਥਨ ਹੋਣ ਦਾ ਮਾਣ ਹਾਸਲ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਨਾਲੀ ਨੇੜੇ ਕਰੀਬ ਦਸ ਹਜ਼ਾਰ ਫੁੱਟ ਦੀ ਉਚਾਈ ’ਤੇ ਸਥਿਤ ਅਟਲ ਸੁਰੰਗ ਦੇ ਉੱਤਰੀ ਪੋਰਟਲ ਸਿਰੇ ’ਤੇ ਸਥਿਤ ਸੀਸੂ ਵਿਖੇ ਮੈਰਾਥਨ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ’ਚ ਦੇਸ਼ ਦੇ ਕੋਨੇ-ਕੋਨੇ ਤੋਂ ਅਥਲੀਟ ਅਤੇ ਮੈਰਾਥਨ ਖਿਡਾਰੀ ਇਕੱਠੇ ਹੋਣਗੇ। ਇਹ ਮੈਰਾਥਨ ਚਾਰ ਵਰਗਾਂ ਵਿੱਚ ਕਰਵਾਈ ਜਾ ਰਹੀ ਹੈ ਜਿਸ ਵਿੱਚ 42 ਕਿਲੋਮੀਟਰ ਫੁਲ ਮੈਰਾਥਨ, 21 ਕਿਲੋਮੀਟਰ ਹਾਫ ਮੈਰਾਥਨ, ਦਸ ਕਿਲੋਮੀਟਰ ਅਤੇ ਪੰਜ ਕਿਲੋਮੀਟਰ। ਨੇਵੀ ਦੇ 25 ਜਵਾਨਾਂ ਨੇ ਇਸ ਮੈਰਾਥਨ ਵਿੱਚ ਭਾਗ ਲੈਣ ਦੀ ਪੁਸ਼ਟੀ ਕੀਤੀ ਹੈ। ਇਸ ਸਾਲ 10 ਵਿਦੇਸ਼ੀ ਦੌੜਾਕ ਵੀ ਇਸ ਈਵੈਂਟ ਵਿੱਚ ਹਿੱਸਾ ਲੈ ਰਹੇ ਹਨ ਆਯੋਜਕ ਗੌਰਵ ਸ਼ਿਮਰ ਨੇ ਦੱਸਿਆ ਕਿ ਪ੍ਰਸ਼ਾਸਨ ਅਤੇ ਸੈਰ ਸਪਾਟਾ ਵਿਭਾਗ ਦੇ ਨਾਲ-ਨਾਲ ਇਸ ਸਮਾਗਮ ਨੂੰ ਭਾਰਤ ਸਰਕਾਰ ਦੀ ਫਿਟ ਇੰਡੀਆ ਮੂਵਮੈਂਟ ਵੱਲੋਂ ਵੀ ਮਾਨਤਾ ਪ੍ਰਾਪਤ ਹੈ । ਇਵੈਂਟ ਨੂੰ ਫਾਸਟ ਐਂਡ ਅੱਪ ਨਿਊਟ੍ਰੀਸ਼ਨ ਪਾਰਟਨਰ, ਬੋਨ ਬਤੌਰ ਐਨਰਜੀ ਪਾਰਟਨਰ, ਯੰਗਗੀਅਰ ਅਤੇ ਗੋਕੀਓ ਅਵਾਰਡ ਪਾਰਟਨਰ ਵਜੋਂ ਸਹਿਯੋਗੀ ਹੈ।

## 8ਵਾਂ ਮਾਲੇਰਕੋਟਲਾ ਕੱਬਡੀ ਕੱਪ 2 ਮਾਰਚ ਨੂੰ ਕੱਪ ਦੀਆਂ ਜੇਤੂ ਟੀਮਾਂ ਨੂੰ ਦਿੱਤੇ ਜਾਣਗੇ ਲੱਖਾ ਦੇ ਇਨਾਮ



ਮਲੇਰਕੋਟਲਾ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ੇ ਛੱਡ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮਕਸਦ ਨਾਲ ਸ਼ਹੀਦ ਉਧਮ ਸਿੰਘ ਸਪੋਰਟਸ ਐਂਡ ਵੈਲਫੇਅਰ ਸੋਸਾਇਟੀ ਰਜਿਸਟਰਡ ਮਾਲੇਰਕੋਟਲਾ ਵੱਲੋ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੱਠਵਾਂ ਮਾਲੇਰਕੋਟਲਾ ਕਬੱਡੀ ਕੱਪ ਸਥਾਨਕ ਡਾਕਟਰ ਜਾਕਿਰ ਹੁਸੈਨ ਸਟੇਡੀਅਮ ਵਿਖੇ 2 ਮਾਰਚ 2024 ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਸਬਧੀ ਜਾਣਕਾਰੀ ਦਿੰਦਿਆ ਕਲੱਬ ਦੇ ਪ੍ਰਧਾਨ ਦਵਿੰਦਰ ਸਰਪੰਚ ਨੇ ਕਬੱਡੀ ਕੱਪ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਕਬੱਡੀ ਕੱਪ ਵਿੱਚ ਅੱਠ ਟੀਮਾਂ ਦੇ ਮੈਚ ਕਰਵਾਏ ਜਾਣਗੇ ਜਿਸ ਵਿੱਚ ਪਹਿਲਾ ਇਨਾਮ 1 ਲੱਖ 50 ਤੇ ਦੂਜਾ ਇਨਾਮ 1 ਲੱਖ ਰੱਖਿਆ ਗਿਆ ਹੈ।

ਇਸ ਤੋਂ ਇਲਾਵਾ ਉਹਨਾਂ ਦੱਸਿਆ ਗਿਆ ਬੈਸਟ ਰੇਡਰ ਨੂੰ ਅਤੇ ਬੈਸਟ ਜਾਫੀ ਨੂੰ ਬੁਲਟ ਮੋਟਰਸਾਈਕਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਇਸ ਮੌਕੇ ਕਲੱਬ ਦੇ ਸਰਪਸਤ ਰਵੀ ਚਹਿਲ ਰਾਜਾ ਕਨੇਡਾ, ਕਾਲਾ ਚੀਮਾ ਕਨੇਡਾ, ਮੀਤ ਪ੍ਰਧਾਨ ਕਾਲਾ ਮਿੱਠੇਵਾਲ, ਜਨਰਲ ਸਕੱਤਰ ਕੁਨਾਲ ਰਿਖੀ, ਪ੍ਰੈਸ ਸਕੱਤਰ ਲੋਕੇਸ਼ ਜੈਨ ਅਤੇ ਜੱਗੀ ਬਿੰਜੋਕੀ, ਸੈਕਟਰੀ ਬਿੱਲਾ ਭੱਸੌਰ ਨੇ ਕਬਡੀ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਹਾਜਰੀ ਜਰੂਰ ਲਗਵਾਉਣ ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀਰਵਾਰ ਨੂੰ ਮੋਹਾਲੀ ਵਿਖੇ ਪੰਜਾਬ ਦਾ ਪਹਿਲਾ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ ਲੋਕਾਂ ਨੂੰ ਕਰਨਗੇ ਸਮਰਪਿਤ

ਚੰਡੀਗੜ੍ਹ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਯਕੀਨੀ ਬਣਾਉਣ ਸਬੰਧੀ ਵਚਨਬੱਧਤਾ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀਰਵਾਰ ਨੂੰ ਪੰਜਾਬ ਦਾ ਪਹਿਲਾ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼, ਐਸ.ਏ.ਐਸ.ਨਗਰ ਲੋਕਾਂ ਨੂੰ ਸਮਰਪਿਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਜ਼ਿਕਰਯੋਗ ਹੈ ਕਿ ਸਰਕਾਰ ਨੇ ਬਜਟ ਸੈਸ਼ਨ- 2022 ਵਿੱਚ ਇਸ ਸਬੰਧੀ ਐਲਾਨ ਕੀਤਾ ਸੀ।

ਐਸ.ਏ.ਐਸ.ਨਗਰ ਦੇ ਫੇਜ਼ 3ਬੀ-1 ਵਿਖੇ ਸਥਾਪਿਤ ਇਹ ਸੰਸਥਾ ਹੈਪੇਟੋਲੋਜੀ ਦੇ ਖੇਤਰ ਵਿੱਚ ਸੁਪਰ-ਸਪੈਸ਼ਲਿਟੀ ਕੇਅਰ, ਸਿਖਲਾਈ ਅਤੇ ਖੋਜ ਸਬੰਧੀ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਹੈ। ਇਸ ਇੰਸਟੀਚਿਊਟ ਦੀ ਸਥਾਪਨਾ 40 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਕੀਤੀ ਗਈ ਹੈ ਅਤੇ ਇਸ ਵਿੱਚ 80 ਡਾਕਟਰ, 150 ਸਟਾਫ ਨਰਸਾਂ ਅਤੇ 200 ਗਰੁੱਪ-ਡੀ ਕਰਮਚਾਰੀਆਂ ਸਮੇਤ 450 ਦੇ ਕਰੀਬ ਸਟਾਫ਼ ਹੋਵੇਗਾ। ਪ੍ਰੋਫੈਸਰ ਵਰਿੰਦਰ ਸਿੰਘ, ਜੋ ਕਿ ਹੈਪੇਟੋਲੋਜੀ ਪੀਜੀਆਈ, ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਅਤੇ ਮੁਖੀ ਹਨ, ਨੂੰ ਸੰਸਥਾ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ।

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਵੱਕਾਰੀ ਸੰਸਥਾ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਨਵੀਂ ਦਿੱਲੀ ਤੋਂ ਬਾਅਦ ਪੰਜਾਬ ਦੇਸ਼ ਦਾ ਅਜਿਹਾ ਦੂਜਾ ਸੂਬਾ ਹੋਵੇਗਾ ਜਿੱਥੇ ਲਿਵਰ ਅਤੇ ਬਿਲੀਅਰੀ ਰੋਗ ਦੇ ਮਰੀਜ਼ਾਂ ਲਈ ਵਿਸ਼ੇਸ਼ ਤੌਰ ’ਤੇ ਇੰਸਟੀਚਿਊਟ ਹੋਵੇਗਾ। ਦੱਸਣਯੋਗ ਹੈ ਕਿ ਇਸ ਇੰਸਟੀਚਿਊਟ ਦੀ ਸਥਾਪਨਾ ਦਿ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ਼ (ਆਈ.ਐਲ.ਬੀ.ਐਸ.), ਨਵੀਂ ਦਿੱਲੀ ਦੀ ਤਰਜ਼ ‘ਤੇ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਹ ਸੰਸਥਾ ਪਿਛਲੇ 8 ਮਹੀਨਿਆਂ ਤੋਂ ਓ.ਪੀ.ਡੀ. ਸੇਵਾਵਾਂ ਦੇ ਰਹੀ ਹੈ ਅਤੇ ਵੀਰਵਾਰ ਤੋਂ ਇੰਸਟੀਚਿਊਟ ਵਿੱਚ ਇਨਡੋਰ, ਇੰਟੈਂਸਿਵ ਕੇਅਰ ਅਤੇ ਐਮਰਜੈਂਸੀ ਸੇਵਾਵਾਂ ਸ਼ੁਰੂ ਹੋ ਜਾਣਗੀਆਂ। ਇਸ ਸੰਸਥਾ ਤੋਂ ਗੰਭੀਰ ਅਤੇ ਪੁਰਾਣੀ ਹੈਪੇਟਾਈਟਸ, ਸਿਰੋਸਿਸ, ਲਿਵਰ ਕੈਂਸਰ, ਅਲਕੋਹਲਿਕ ਲਿਵਰ ਡਿਜੀਜ਼, ਐਸਾਈਟਸ, ਵੱਖ-ਵੱਖ ਪੈਨਕ੍ਰੀਆਟਿਕ ਬਿਮਾਰੀਆਂ ਅਤੇ ਪਿੱਤੇ ਸਬੰਧੀ ਬਿਮਾਰੀਆਂ ਅਤੇ ਵੱਖ-ਵੱਖ ਕਿਸਮਾਂ ਦੀਆਂ ਬਿਲੀਅਰੀ ਡਿਜੀਜ਼ ਵਾਲੇ ਮਰੀਜ਼ ਇਸ ਸੰਸਥਾ ਤੋਂ ਇਲਾਜ ਕਰਵਾ ਸਕਦੇ ਹਨ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸੂਬੇ ਦਾ ਪਹਿਲਾ ਸਰਕਾਰੀ ਹਸਪਤਾਲ ਹੋਵੇਗਾ ਜਿੱਥੇ ਯੂ.ਜੀ.ਆਈ. ਐਂਡੋਸਕੋਪੀ, ਫਾਈਬਰੋਸਕੈਨ, ਐਂਡੋਸਕੋਪਿਕ ਅਲਟਰਾਸਾਊਂਡ ਅਤੇ ਈ.ਆਰ.ਸੀ.ਪੀ. ਵਰਗੀਆਂ ਬੀਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸੰਸਥਾ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਤੱਕ ਪਹੁੰਚ ਲਈ ਟੈਲੀਮੈਡੀਸਨ ਸੇਵਾਵਾਂ ਵੀ ਸ਼ੁਰੂ ਕਰੇਗੀ।

ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿੱਚ ਜਲਦੀ ਹੀ ਲਿਵਰ ਟਰਾਂਸਪਲਾਂਟ ਦੀ ਸਹੂਲਤ ਵੀ ਸ਼ੁਰੂ ਹੋਣ ਦੀ ਉਮੀਦ ਹੈ।

ਦੱਸਣਯੋਗ ਹੈ ਕਿ ਇਸ ਮੌਕੇ ਮੁੱਖ ਮੰਤਰੀ, ਪੰਜਾਬ ਵੱਲੋਂ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ, ਪੰਜਾਬ ਦੇ ਨਵੇਂ ਸਥਾਪਿਤ ਰਾਜ ਅਤੇ ਜ਼ੋਨਲ ਦਫ਼ਤਰਾਂ ਦਾ ਉਦਘਾਟਨ ਵੀ ਕੀਤਾ ਜਾਵੇਗਾ। ਇਹਨਾਂ ਦਫਤਰਾਂ ਵਿੱਚ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ, ਪੰਜਾਬ ਦਾ ਸਟੇਟ ਹੈੱਡਕੁਆਰਟਰ ਵੀ ਸ਼ਾਮਲ ਹੈ- ਜਿਸਦਾ ਨਾਮ ਬਦਲ ਕੇ ਕਮਿਸ਼ਨਰੇਟ, ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ ਰੱਖਿਆ ਗਿਆ ਹੈ ਅਤੇ ਇਹ 2.63 ਕਰੋੜ ਰੁਪਏ ਦੀ ਲਾਗਤ ਨਾਲ ਫੇਜ਼ 9 ਵਿਖੇ ਸਥਾਪਿਤ ਕੀਤਾ ਗਿਆ ਹੈ, ਜਦੋਂ ਕਿ 278.01 ਲੱਖ ਰੁਪਏ ਦੀ ਲਾਗਤ ਨਾਲ ਗੁਰਦਾਸਪੁਰ, ਜਲੰਧਰ, ਬਠਿੰਡਾ ਅਤੇ ਫਿਰੋਜ਼ਪੁਰ ਸਮੇਤ ਚਾਰ ਜ਼ੋਨਲ ਦਫ਼ਤਰ ਸਥਾਪਿਤ ਕੀਤੇ ਗਏ ਹਨ।

## ਮਾਤਾ ਅਮਰ ਕੌਰ ਸੁਸਾਇਟੀ ਵਿਖੇ ਅੱਖਾਂ ਦਾ ਮੁ਼ਫਤ ਲੈਂਜ ਕੈਂਪ 5 ਮਾਰਚ ਨੂੰ ਲੱਗੇਗਾ

ਜੈਤੋਂ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮਾਲਵੇ ਦੀ ਸਮਾਜ ਸੇਵੀ ਸੰਸਥਾ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਰਜਿ ਚੈਨਾਂ ਰੋੜ ਜੈਤੋ ਵਿਖੇ ਬਾਬਾ ਕਰਨੈਲ ਦਾਸ ਜੀ ਦੀ ਯਾਦ ਨੂੰ ਸਮਰਪਿਤ ਗਰੀਬ ਤੇ ਜਰੂਰਤਮੰਤ ਮਰੀਜ਼ਾਂ ਲਈ ਅੱਖਾਂ ਦਾ ਵਿਸ਼ਾਲ ਮੁਫਤ ਲੈਂਜ ਕੈਂਪ 5 ਮਾਰਚ ਦਿਨ ਮੰਗਲਵਾਰ ਨੂੰ ਲਗਾਇਆ ਜਾ ਰਿਹਾ ਹੈ।

ਇਸ ਕੈਂਪ ਦਾ ਰਸਮੀ ਉਦਘਾਟਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੀਫ ਪੈਟਰਨ ਸਵਾਮੀ ਬ੍ਰਹਮ ਮੁਨੀ ਜੀ ਤੇ ਹਲਕੇ ਦੇ ਵਿਧਾਇਕ ਅਮੋਲਕ ਸਿੰਘ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਕਰਨਗੇ। ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਜੀ ਨੇ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਆਪਰੇਸ਼ਨਾ ਦੇ ਮਾਹਿਰ ਡਾਕਟਰ ਦੀਪਕ ਗਰਗ, ਡਾ ਮੈਡਮ ਮੋਨਿਕਾ ਬਲਿਆਨ ਤੇ ਡਾ ਮੈਡਮ ਭੁਪਿੰਦਰ ਪਾਲ ਕੌਰ ਸਵੇਰੇ 9 ਤੋਂ 2 ਵਜੇ ਤੱਕ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਨਗੇ ਤੇ ਜ਼ਰੂਰਤਮੰਦ ਮਰੀਜ਼ਾਂ ਦੇ ਮੁਫਤ ਆਪਰੇ ?ਨ ਕੀਤੇ ਜਾਣਗੇ।

ਸੰਤ ਰਿਸ਼ੀ ਰਾਮ ਜੀ ਨੇ ਦੱਸਿਆ ਕਿ ਜਿੰਨਾਂ ਮਰੀਜ਼ਾਂ ਨੂੰ ਸ਼ੂਗਰ, ਬਲੱਡ ਪਰੈਸ਼ਰ ਜਾਂ ਦਿਲ ਦਾ ਰੋਗ ਹੋਵੇਗਾ ਉਹਨਾਂ ਨੂੰ ਸਿਰਫ ਦਵਾਈ ਦਿੱਤੀ ਗਈ। ਕੈਂਪ ਦੌਰਾਨ ਮਰੀਜ਼ਾਂ ਲਈ ਰਹਿਣ- ਸਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਮੁਫਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮੇਜਰ ਸਿੰਘ ਗੋਂਦਾਰਾ ਮੈਨੇਜਰ, ਜਸਵਿੰਦਰ ਸਿੰਘ ਪਟਵਾਰੀ, ਜਗਦੀਸ਼ ਸਿੰਘ ਸਰਾਵਾਂ, ਪਿਆਰੇ ਲਾਲ ਸ਼ਰਮਾ, ਮਹਿੰਦਰ ਸਿੰਘ ਨਿਰਵਾਨ, ਸੁਰਜੀਤ ਸਿੰਘ ਰੋੜੀ ਕਪੂਰਾ, ਤੇਜਿੰਦਰ ਸਿੰਘ ਬਰਾੜ, ਗਗਨ ਰੋੜੀ ਕਪੂਰਾ, ਹਰਿੰਦਰ ਸਿੰਘ ਲੰਡੇ, ਜਗਮੀਤ ਸਿੰਘ ਮੱਲਣ, ਜਸ਼ਨਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਮਨੀ ਸਿੰਘ, ਗੁਰਪ੍ਰੀਤ ਬਾਜਾਖਾਨਾ, ਹਰਪ੍ਰੀਤ ਸਿੰਘ , ਅਮਨ ਸਿੰਘ ਕਾਉਣੀ, ਕਰਨ ਜਲਾਲ, ਬਾਗੜ ਫੋਜੀ, ਬਿੰਦਰ ਸਿੰਘ ਤੇ ਨਰਿੰਦਰ ਆਦਿ ਸੇਵਾਦਾਰ ਹਾਜ਼ਰ ਸਨ।

# ਮਾਡਲ ਸਕੂਲ ਦੇ ਵਿਦਿਆਰਥੀਆ ਵੱਲੋਂ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ




ਪਟਿਆਲਾ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ,ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀਆ ਵਲੋ ਸਵੇਰ ਦੀ ਸਭਾ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਭਾਰਤ ਦੇ ਪ੍ਰਸਿੱਧ ਨਾਵਲਕਾਰ ਇਨਾਮ ਵਿਜੇਤਾ ਵਿਗਿਆਨੀ ਸਰ ਸੀ.ਵੀ.ਰਮਨ ਨੂੰ ਯਾਦ ਕਰਦਿਆ ਉਹਨਾ ਦੀਆ ਪ੍ਰਾਪਤੀਆ ਉੱਤੇ ਚਾਨਣ ਪਾਇਆ।

ਸਕੂਲ ਦੇ ਵਿਦਿਆਰਥੀਆ ਵਲੋ ਵਿਗਿਆਨ ਦਿਵਸ ਉੱਤੇ ਡਰਾਇੰਗ ਅਤੇ ਪੇਂਟਿੰਗ ਵੀ ਬਣਾਇਆ ਗਈਆ।ਸਕੂਲ ਦੇ ਇੰਚਾਰਜ ਡਾ.ਬਾਲ ਕ੍ਰਿਸ਼ਨ ਅਤੇ ਲੈਕਚਰਾਰ ਸਤਵੀਰ ਸਿੰਘ ਗਿੱਲ ਵੱਲੋ ਮਰਹੂਮ ਕਲਪਨਾ ਚਾਵਲਾ ਅਤੇ ਡਾ. ਅਬਦੁਲ ਕਲਾਮ ਆਜ਼ਾਦ ਜੀ ਤੋਂ ਪ੍ਰੇਰਨਾ ਲੈ ਕੇ ਵਿਗਿਆਨ ਦੇ ਖੇਤਰ ਵਿੱਚ ਅੱਗੇ ਵਧਣ ਲਈ ਕਿਹਾ।ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਸੀ।

# ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ’ਤੇ ਨਹੀਂ ਬਖਸ਼ਿਆ ਜਾਵੇਗਾ : ਡੀ.ਆਈ.ਜੀ ਹਰਚਰਨ ਭੁੱਲਰ




ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਸਬੰਧੀ ਮੁਲਾਕਾਤ ਕਰਦੇ ਹੋਏ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਰੁਪਿੰਦਰ ਕੌਰ ਅਤੇ ਹੋਰ।


ਪਟਿਆਲਾ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਵਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਪਰਮਿੰਦਰ ਭਲਵਾਨ ਮੈਂਬਰ ਨਸ਼ ਮੁਕਤ ਭਾਰਤ ਅਭਿਆਨ, ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ, ਜਸਨਜੋਤ ਸਿੰਘ, ਜਪਨੀਤ ਸਿੰਘ,ਲੱਕੀ ਹਰਦਾਸਪੁਰ ਨੇ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨਾਲ ਮੁਲਾਕਾਤ ਕੀਤ। ਉਨ੍ਹਾਂ ਵਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਵਲੋਂ ਸਖਤ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਾ ਬਖ਼ਸ਼ਿਆ ਜਾਵੇ। ਉਹਨਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਨਸਾ ਤਸਕਰਾਂ ਦੀਆਂ ਜਾਇਦਾਦਾਂ ਸੀਲ ਕੀਤੀਆਂ ਜਾਣ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹਰ ਰੋਜ਼ ਪੰਜਾਬ ਵਿੱਚ ਨੋਜਵਾਨਾਂ ਦੀ ਹੋ ਰਹੀਆਂ ਮੌਤਾਂ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਸਾਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਇੱਕਮੁੱਠ ਹੋ ਕੇ ਜਾਗਰੂਕ ਹੋਣਾ ਪਵੇਗਾ। ਉਹਨਾਂ ਭਲਵਾਨ, ਗਰੇਵਾਲ, ਰੁਪਿੰਦਰ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਇਸ ਮੁਹਿੰਮ ਵਿਚ ਹਰ ਸੰਭਵ ਮੱਦਦ ਕਰਨਗੇ।

ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ, ਰੁਪਿੰਦਰ ਕੌਰ ਨੇ ਕਿਹਾ ਕਿ ਉਹਨਾਂ ਦੀ ਟੀਮ ਪਿਛਲੇ ਬਾਰਾਂ ਸਾਲਾਂ ਤੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਅਤੇ ਇਹ ਮੁਹਿੰਮ ਅੱਗੇ ਤੋਂ ਵੀ ਜਾਰੀ ਰਹੇਗੀ। ਇਸ ਮੌਕੇ ਐਸ ਆਈ ਨਵਦੀਪ ਕੌਰ ਚੈਹਿਲ ਵੀ ਹਾਜ਼ਰ ਸਨ।

# ਸੈਮਸੰਗ ਨੇ Galaxy AAE EG ਦੇ ਨਵੇਂ ਮੈਮੋਰੀ ਵੇਰੀਐਂਟ ਦੀ ਘੋਸ਼ਣਾ ਕੀਤੀ, ਜਿਸ ਦੀ ਕੀਮਤ 17999 ਰੁਪਏ




ਚੰਡੀਗੜ੍ਹ, 2 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੈਮਸੰਗ, ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੋਨਿਕਸ ਬ੍ਰਾਂਡ, ਨੇ ਅੱਜ 16499 ਰੁਪਏ ਦੀ ਆਕਰਸ਼ਕ ਕੀਮਤ ’ਤੇ Galaxy 115 57 ਦੇ 672+12872 ਸਟੋਰੇਜ ਵੇਰੀਐਂਟ ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ, ਨਵੇਂ ਸਟੋਰੇਜ ਵੇਰੀਐਂਟ ਦੇ ਜੋੜ ਨਾਲ Gal-axy AAE ਖਰੀਦਣ ਦੀ ਇੱਛਾ ਰੱਖਣ ਵਾਲੇ ਖਪਤਕਾਰਾਂ ਨੂੰ ਹੋਰ ਵਿਕਲਪ ਮਿਲਣਗੇ। 57 ਸਮਾਰਟਫੋਨ ਵਰਤਮਾਨ ਵਿੱਚ 872+25672 ਅਤੇ 872+12872 ਸਟੋਰੇਜ ਵੇਰੀਐਂਟ ਵਿੱਚ ਉਪਲਬਧ ਹੈ ਅਤੇ ਤਿੰਨ ਨਵੇਂ ਰੰਗਾਂ ਵਿੱਚ ਆਉਂਦਾ ਹੈ, - ਨੀਲਾ ਕਾਲਾ, ਨੀਲਾ ਅਤੇ ਹਲਕਾ ਨੀਲਾ। Galaxy AAE EG, Galaxy AAD EG ਦਾ ਉੱਤਰਾਧਿਕਾਰੀ ਹੈ, ਕਾਊਂਟਰਪੁਆਇੰਟ ਰਿਸਰਚ ਦੇ ਅਨੁਸਾਰ, 2023 ਲਈ 57 ਸਮਾਰਟਫੋਨ ਵੇਚਣ ਵਾਲਾ ਭਾਰਤ ਦਾ ਨੰਬਰ 1 ਹੈ ਅਤੇ ਇੱਕ ਕਿਫਾਇਤੀ ਕੀਮਤ ’ਤੇ ਪਰਿਵਰਤਨਸ਼ੀਲ ਨਵੀਨਤਾਵਾਂ ਪ੍ਰਦਾਨ ਕਰਨ ਵਿੱਚ ਸੈਮਸੰਗ ਦੇ ਹੁਨਰ ਦੀ ਉਦਾਹਰਣ ਦਿੰਦਾ ਹੈ, ਜਿਸ ਨਾਲ ਉਹ ਭਾਰਤ ਵਿੱਚ ਲੱਖਾਂ ਖਪਤਕਾਰਾਂ ਦੀ ਪਹਿਲੀ ਪਸੰਦ ਬਣਦੇ ਹਨ। Galaxy AAE EG ਹੈਜ਼ ਫਿਨਿਸ਼ ਵਿੱਚ ਇੱਕ ਗਲਾਸਟਿਕ ਬੈਕ ਪੈਨਲ ਦੇ ਨਾਲ ਪ੍ਰੀਮੀਅਮ ਅਨੁਭਵ ਲਈ Gal-axy ਦੇ ਸਿਗਨੇਚਰ ਡਿਜ਼ਾਈਨ ਫਲਸਫੇ ਨੂੰ ਪੇਸ਼ ਕਰਦਾ ਹੈ। ਸਾਈਡ ਪੈਨਲ ’ਤੇ ਨਵਾਂ ਮੁੱਖ ਟਾਪੂ ਡਿਜ਼ਾਈਨ ਅਤੇ ਫਲੈਟ ਲੀਨੀਅਰ ਕੈਮਰਾ ਹਾਊਸਿੰਗ ਵਧੀ ਹੋਈ ਪਕੜ ਲਈ ਇੱਕ ਵਿਲੱਖਣ ਸਿਲੂਏਟ ਬਣਾਉਂਦਾ ਹੈ। Galaxy AAE EG ਵਿੱਚ ਇੱਕ 6.5-ਇੰਚ ਦੀ ਸੁਪਰ AMOLED ਡਿਸਪਲੇਅ ਹੈ, ਜਿਸ ਵਿੱਚ ਵਿਜ਼ਨ ਬੂਸਟਰ ਨਾਲ ਸੁਧਾਰ ਕੀਤਾ ਗਿਆ ਹੈ ਜੋ ਅੱਖਾਂ ਦੇ ਆਰਾਮ ਲਈ 908 ਰਿਫਰੈਸ਼ ਰੇਟ ਅਤੇ ਘੱਟ ਨੀਲੀ ਰੋਸ਼ਨੀ ਵਾਲੀ ਡਿਸਪਲੇਅ ਦੇ ਨਾਲ ਨਿਰਵਿਘਨ, ਚਮਕਦਾਰ ਦੇਖਣ ਦਾ ਅਨੁਭਵ ਬਣਾਉਂਦਾ ਹੈ। 7alaxy 115 57 ਵਿੱਚ VDIS ਨਾਲ E@MP ਟ੍ਰਿਪਲ ਕੈਮਰਾ ਸੈਟਅਪ ਕਰਦਾ ਹੈ ਤਾਂ ਜੋ ਪ੍ਰੋਫਾਈਲ-ਯੋਗ ਸੈਲਫੀ ਲਈ ACMP ਫਰੰਟ ਕੈਮਰਾ ਦੇ ਨਾਲ ਅਸਥਿਰ ਜਾਂ ਹਿੱਲਣ ਵਾਲੀਆਂ ਹਰਕਤਾਂ ਤੋਂ ਵੀਡੀਓ ਵਿੱਚ ਧੁੰਦਲਾਪਣ ਜਾਂ ਗੜਬੜ ਨੂੰ ਘੱਟ ਕੀਤਾ ਜਾ ਸਕੇ।

Galaxy AAE EG Knox ਸੁਰੱਖਿਆ ਪਲੇਟਫਾਰਮ ਦੇ ਨਾਲ ਆਉਂਦਾ ਹੈ, ਇਹ ਸੁਨਿਸ਼ਚਿਤ ਕਰਦਾ ਹੈ ਕਿ ਉਪਭੋਗਤਾ ਆਟੋ ਬਲੌਕਰ, ਗੋਪਨੀਯਤਾ ਡੈਸ਼ਬੋਰਡ, ਸੈਮਸੰਗ ਪਾਸਕੀ ਅਤੇ ਹੋਰਾਂ ਵਰਗੀਆਂ ਵਿਸ਼ੇਸ਼ਤਾਵਾਂ ਦੇ ਨਾਲ ਉਹਨਾਂ ਦੇ ਡੇਟਾ ਦੇ ਪੂਰੇ ਨਿਯੰਤਰਣ ਵਿੱਚ ਹਨ। ਡਿਵਾਈਸ ਵਿੱਚ ਨੌਕਸ ਵਾਲਟ ਚਿੱਪਸੈੱਟ ਵੀ ਸ਼ਾਮਲ ਹੈ, ਜੋ ਕਿ ਚਿੱਪ ਪੱਧਰ ’ਤੇ ਬਣਾਇਆ ਗਿਆ ਹੈ, ਜੋ ਕਿ ਸਾਫਟਵੇਅਰ ਅਤੇ ਹਾਰਡਵੇਅਰ ਖਤਰਿਆਂ ਤੋਂ ਸੁਰੱਖਿਆ ਲਈ ਇੱਕ ਵੱਖਰੇ ਛੇੜਛਾੜ-ਰੋਧਕ ਸਟੋਰੇਜ ਵਿੱਚ ਤੁਹਾਡੇ ਸੰਵੇਦਨਸ਼ੀਲ ਡੇਟਾ, ਜਿਵੇਂ ਕਿ ਪਿੰਨ, ਪਾਸਵਰਡ ਅਤੇ ਪੈਟਰਨਾਂ ਦੀ ਸੁਰੱਖਿਆ ਲਈ ਤਿਆਰ ਕੀਤਾ ਗਿਆ ਹੈ। ਉੱਤਮ ਗੋਪਨੀਯਤਾ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਨਾਲ ਭਰਪੂਰ, Galaxy 115 57 ਨੂੰ 4 ਪੀੜ੍ਹੀਆਂ ਤੱਕ OS ਅੱਪਗਰੇਡਾਂ ਅਤੇ 5 ਸਾਲਾਂ ਤੱਕ ਸੁਰੱਖਿਆ ਅੱਪਡੇਟ ਦੇ ਨਾਲ ਭਵਿੱਖ ਵਿੱਚ ਤਿਆਰ ਰਹਿਣ ਲਈ ਤਿਆਰ ਕੀਤਾ ਗਿਆ ਹੈ।

# ਹਰਿਆਣਾ ਕੌਸ਼ਲ ਰੁਜਗਾਰ ਨਿਗਮ ਵੱਲੋਂ ਰੱਖੇ ਜਾਣ ਵਾਲੀ ਮੈਨਪਾਵਰ ਵਿਚ ਅਨੁਸੂਚਿਤ ਜਾਤੀ ਤੇ ਪਿਛੜਾ ਵਰਗ ਨਾਲ ਸੰਬੰਧਿਤ ਰਾਖਵਾਂ ਦਾ ਕੀਤਾ ਜਾ ਰਿਹਾ ਪੂਰਾ ਪਾਲਣ


## ਨਵੇਂ ਪ੍ਰਾਵਧਾਨ ਅਨੁਸਾਰ ਐਚਕੇਆਰਐਨ ਰਾਹੀਂ ਇਕ ਵਾਰ ਚੋਣ ਹੋਣ ਦੇ ਬਾਅਦ ਸਰਕਾਰੀ ਵਿਭਾਗ ਵੱਲੋਂ ਨੌਜਵਾਨਾਂ ਨੂੰ ਜੁਆਇੰਨ ਕਰਵਾਉਣਾ ਜਰੂਰੀ : ਮਨੋਹਰ ਲਾਲ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਤਹਿਤ ਰੱਖੇ ਜਾਣ ਵਾਲੀ ਮੈਨਵਾਪਰ ਵਿਚ ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਲਈ ਨਿਰਧਾਰਿਤ ਰਾਖਵੇਂ ਦਾ ਯਕੀਨੀ ਤੌਰ 'ਤੇ ਪਾਲਣ ਕੀਤਾ ਜਾ ਰਿਹਾ ਹੈ। ਮੌਜੂਦਾ ਵਿਚ ਬੀਸੀ-ਏ ਦੀ 16 ਫੀਸਦੀ ਰਾਖਵੇਂ ਦੇ ਵਿਰੁੱਧ 15.64 ਫੀਸਦੀ ਅਤੇ ਬੀਸੀ-ਬੀ ਦੀ 11 ਫੀਸਦੀ ਰਾਖਵੇਂ ਦੇ ਵਿਰੁੱਧ 11.4 ਫੀਸਦੀ ਮੈਨਪਾਵਰ ਹੈ। ਇਸ ਤੋਂ ਇਲਾਵਾ, 20.63 ਫੀਸਦੀ ਕਰਮਚਾਰੀ ਅਨੁਸੂਚਿਤ ਜਾਤੀ ਨਾਲ ਸਬੰਧਿਤ ਹਨ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਵਿਚ ਸੁਆਲ ਸਮੇਂ ਦੌਰਾਨ ਜਵਾਬ ਦੇ ਰਹੇ ਸਨ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮੌਜੂਦਾ ਵਿਚ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਤਹਿਤ ਕੋਈ ਪੱਕੀ ਭਰਤੀ ਨਹੀਂ ਹੈ, ਇਹ ਸਿਰਫ ਅਸਥਾਈ ਤੌਰ 'ਤੇ ਕੰਮ ਲਈ ਰੱਖੇ ਜਾਂਦੇ ਹਨ। ਇਸ ਦੇ ਤਹਿਤ ਰੱਖੇ ਜਾਣ ਵਾਲੇ ਲੋਕਾਂ ਦੀ ਕੋਈ ਯਕੀਨੀ ਗਿਣਤੀ ਨਹੀਂ ਹੁੰਦੀ, ਜਿਸ ਵਿਚ ਰਾਖਵੇਂ ਦੀ ਗਿਣਤੀ ਕੀਤੀ ਜਾ ਸਕੇ। ਇਹ ਤਾਂ ਵਿਭਾਗ ਅਨੁਸਾਰ ਜਰੂਰਤ ਦੇ ਅਨੁਰੂਪ ਰੱਖੇ ਜਾਂਦੇ ਹਨ। ਫਿਰ ਵੀ ਸਰਕਾਰ ਅਨੁਸੂਚਿਤ ਜਾਤੀ ਤੇ ਪਿਛੜਾ ਵਰਗ ਲਈ ਰਾਖਵਾਂ ਕ੍ਰਮਵਾਰ: 20 ਤੋਂ 27 ਫੀਸਦੀ ਦਾ ਪੂਰਾ ਧਿਆਨ ਰੱਖ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਪਹਿਲੀ ਭਰਤੀ ਵਿਚ ਰਾਖਵੇਂ ਦੀ ਗਿਣਤੀ ਘੱਟ



ਹੁੰਦੀ ਹੈ, ਤਾਂ ਅਗਲੀ ਭਰਤੀ ਵਿਚ ਉਸ ਨੂੰ ਪੂਰਾ ਕਰ ਲਿਆ ਜਾਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਨੂੰ ਨਿਜੀ ਖੇਤਰ ਵਿਚ ਨੌਜੁਆਨਾਂ ਨੂੰ ਰੁਜਗਾਰ ਦੇ ਮੌਕੇ ਉਪਲਬਧ ਕਰਵਾਉਣ ਲਈ ਵੀ ਵਰਤੋ ਕੀਤਾ ਜਾਂਦਾ ਹੈ। ਨਿਜੀ ਉਦਯੋਗਾਂ ਨੂੰ ਨਿਗਮ 'ਤੇ ਰਜਿਸਟਰਡ ਡਾਟਾ ਵਿੱਚੋਂ ਉਨ੍ਹਾਂ ਦੀ ਮੰਗ ਅਨੁਸਾਰ ਨੌਜੁਆਨਾਂ ਦੀ ਸੂਚੀ ਉਪਲਬਧ ਕਰਵਾ ਦਿੱਤੀ ਜਾਂਦੀ ਹੈ, ਉਸ ਦੇ ਬਾਅਦ ਉਦਯੋਗ ਆਪਣੇ ਅਨੁਸਾਰ ਨੌਜੁਆਨਾਂ ਨੂੰ ਨੋਕਰੀ ਦਿੰਦੇ ਹਨ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਰਕਾਰੀ ਵਿਭਾਗਾਂ ਵੱਲੋਂ ਨਿਗਮ ਦੇ ਪੋਰਟਲ 'ਤੇ ਮੈਨਪਾਵਰ ਦੀ ਮੰਗ ਭੇਜੀ ਜਾਂਦੀ ਹੈ, ਉਸ ਦੇ ਅਨੁਰੂਪ ਨਿਰਧਾਰਿਤ ਮਾਨਦੰਡਾਂ ਅਨੁਸਾਰ ਨੰਬਰਾਂ ਦੇ ਆਧਾਰ 'ਤੇ ਨੌਜੁਆਨਾ ਦਾ ਚੋਣ ਕਰ ਕੇ ਵਿਭਾਗ ਨੂੰ ਸੂਚੀ ਦਿੱਤੀ ਜਾਂਦੀ ਹੈ। ਹਾਲਾਂਕਿ ਕਦੀ-ਕਦੀ ਵਿਭਾਗ ਆਪਣੇ ਕਰਮਚਾਰੀਆਂ ਦੀ ਮੰਗ ਵਿਚ ਬਦਲਾਅ ਕਰ ਦਿੰਦੇ ਹਨ, ਜਿਸ ਕਾਰਨ ਚੋਣ ਕੀਤੇ ਨੌਜੁਆਨਾਂ ਨੂੰ ਸਬੰਧਿਤ ਵਿਭਾਗ ਜੁਆਇੰਨ ਨਹੀਂ ਕਰਵਾ ਪਾਉਂਦੇ। ਹੁਣ ਸਰਕਾਰ ਕੌਸ਼ਲ ਰੁਜਗਾਰ ਨਿਗਮ ਦੇ ਪੋਰਟਲ ਨੂੰ ਐਚਆਰਐਮਐਸ ਦੇ ਨਾਲ ਏਕੀਕ੍ਰਿਤ ਕਰ ਰਹੀ ਹੈ। ਹੁਣ ਸਰਕਾਰ ਨੇ ਇਹ ਪ੍ਰਾਵਧਾਨ ਕੀਤਾ ਹੈ ਕਿ ਜੇਕਰ ਵਿਭਾਗ ਆਪਣੀ ਮੈਨਪਾਵਰ ਦੀ ਮੰਗ ਵਿਚ ਬਦਲਾਅ ਕਰਨਾ ਚਾਹੁੰਦੇ ਹਨ ਤਾਂ ਉਹ ਨੌਜੁਆਨਾਂ ਦੇ ਚੋਣ ਤੋਂ ਪਹਿਲਾਂ ਕਰ ਸਕਦੇ ਹਨ। ਇਕ ਵਾਰ ਨੌਜੁਆਨਾਂ ਦਾ ਚੋਣ ਹੋ ਗਿਆ ਤਾਂ ਵਿਭਾਗ ਨੂੰ ਜਰੂਰੀ ਰੂਪ ਨਾਲ ਉਨ੍ਹਾਂ ਨੂੰ ਜੁਆਇੰਨ ਕਰਵਾਉਣਾ ਪਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ਾਂ ਵਿਚ ਰੁਜਗਾਰ ਦੇ ਮੌਕੇ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਵਿਦੇਸ਼ ਸਹਿਯੋਗ ਵਿਭਾਗ ਦੇ ਸਹਿਯੋਗ ਨਾਲ ਹਰਿਆਣਾ ਕੌਸ਼ਲ ਰੁਜਗਾਰ ਪੋਰਟਲ ਰਾਹੀਂ ਨੌਜੁਆਨਾਂ ਦਾ ਰਜਿਸਟ੍ਰੇਸ਼ਣ ਕਰਵਾਇਆ ਗਿਆ ਹੈ। ਇੰਨ੍ਹਾਂ ਵਿਚ ਇਜਰਾਇਲ ਦੇ ਲਈ ਵੀ ਬਿਨੈ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ 8.69 ਨੌਜੁਆਨਾ ਨੇ ਬਿਨੈ ਕੀਤਾ ਸੀ, ਜਿਸ ਵਿੱਚੋਂ 1909 ਨੌਜੁਆਨਾਂ ਨੂੰ ਕੌਸ਼ਲ ਸਿਖਲਾਈ ਪ੍ਰਦਾਨ ਕੀਤੀ ਗਈ ਅਤੇ 219 ਨੌਜੁਆਨਾਂ ਦਾ ਚੋਣ ਕੀਤਾ ਗਿਆ ਹੈ। ਇੰਨ੍ਹਾਂ ਦੇ ਪਾਸਪੋਰਟ ਦੀ ਤਸਦੀਕ ਚੱਲ ਪ੍ਰਕ੍ਰਿਆ ਚੱਲ ਰਹੀ ਹੈ। ਉਸ ਦੇ ਬਾਅਦ ਉਹ ਇਜਰਾਇਲ ਜਾਣਗੇ।

ਇਹ ਸੱਭ ਕੰਮ ਇਜਰਾਇਲ ਸਰਕਾਰ ਅਤੇ ਕੌਮੀ ਕੌਸ਼ਲ ਵਿਕਾਸ ਮਿਸ਼ਨ ਰਾਹੀਂ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਨੋਜੁਆਨਾਂ ਨੂੰ ਇਜਰਾਇਲ ਵਿਚ ਲਗਭਗ 1 ਲੱਖ ਰੁਪਏ ਤੋਂ ਵੱਧ ਤਨਖਾਹ 'ਤੇ ਰੁਜਗਾਰ ਉਪਲਬਧ ਕਰਵਾਇਆ ਜਾਵੇਗਾ। ਇੰਨ੍ਹਾਂ ਨੋਜੁਆਨਾਂ ਦੇ ਲਈ ਇੰਸ਼ੋਰੈਂਸ ਦੀ ਵੀ ਵਿਵਸਥਾ ਕੀਤੀ ਗਈ ਹੈ।

## ਮੁੱਖ ਮੰਤਰੀ ਦਾ ਐਲਾਨ, ਝੱਜਰ ਬਣੇਗਾ ਪੁਲਿਸ ਕਮਿਸ਼ਨਰੇਟ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅੱਜ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਝੱਜਰ ਨੂੰ ਪੁਲਿਸ ਕਮਿਸ਼ਨਰੇਟ ਬਨਾਉਣ , ਸਬਜੀ ਮੰਡੀ ਤੋਂ ਐਚਆਰਡੀਐਫ ਦੀ 1 ਫੀਸਦੀ ਫੀਸ ਨੂੰਖਤਮ ਕਰਨ, ਸਰਕਾਰੀ ਪਸ਼ੂਧਨ ਫਾਰਮ, ਹਿਸਾਰ ਦੇ 4 ਪਿੰਡਾਂ ਵਿਚ ਰਹਿ ਰਹੇ 2719 ਪਰਿਵਾਰਾਂ ਨੂੰ ਮਾਲਿਕਾਨਾ ਹੱਕ ਦੇਣ, ਮਿਸ਼ਨ ਹਰਿਆਣਾ 2047 ਲਈ ਹਾਈ ਲੇਵਲ ਟਾਸਕ ਫੋਰਸ ਦਾ ਗਠਨ ਕਰਨ ਦਾ ਐਲਾਨ ਕੀਤਾ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਕੌਮੀ ਰਾਜਧਾਨੀ ਦੇ ਨਾਲ ਲਗਦੇ ਝੱਜਰ ਜਿਲ੍ਹੇ ਨੂੰ ਹੁਣ ਪੁਲਿਸ ਕਮਿਸ਼ਨਰੇਟ ਬਣਾਇਆ ਜਾਵੇਗਾ। ਪੁਲਿਸ ਕਮਿਸ਼ਨਰ ਪੱਧਰ ਦੇ ਅਧਿਕਾਰੀ ਉੱਥੇ ਕਾਨੂੰਨ ਵਿਵਸਥਾ ਲਈ ਤੈਨਾਤ ਕੀਤੇ ਜਾਣਗੇ। ਇਸ ਤੋਂ ਪਹਿਲਾਂ, ਫਰੀਦਾਬਾਦ, ਗੁਰੂਗ੍ਰਾਮ, ਸੋਨੀਪਤ ਵਿਚ ਪੁਲਿਸ ਕਮਿਸ਼ਨਰੇਟ ਦੀ ਵਿਵਸਕਾ ਪਹਿਲਾਂ ਤੋਂ ਹੀ ਹੈ।

ਉਨ੍ਹਾਂ ਨੇ ਸੂਬੇ ਵਿਚ ਸਬਜੀ ਮੰਡੀ 'ਤੇ ਲੱਗਣ ਵਾਲੇ 1 ਫੀਸਦੀ ਐਚਆਰਡੀਐਫ ਫੀਸ ਨੂੰ ਖਤਮ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਮੰਡੀਆਂ ਵਿਚ 1 ਫੀਸਦੀ ਐਚਆਰਡੀਐਫ ਅਤੇ 1 ਫੀਸਦੀ ਮਾਰਕਿਟ ਫੀਸ ਲਗਦੀ ਸੀ। ਹੁਣ ਆੜਤੀਆਂ ਦੇ ਨਾਲ ਸਹਿਮਤੀ ਬਣ ਚੁੱਕੀ ਹੈ ਅਤੇ ਉਨ੍ਹਾਂ ਨੇ ਇਸ 1 ਫੀਸਦੀ ਮਾਰਕਿਟ ਫੀਸ ਦੀ ਥਾਂ ਹੁਣ ਪਿਛਲੇ 2 ਸਾਲਾਂ ਯਾਨੀ ਸਾਲ 2022-23 ਅਤੇ 2023-24 ਦੌਰਾਨ ਮੌਜੂਦਾ ਮਾਰਕਿਟ ਫੀਸ ਦੇ ਔਸਤਨ ਦਾ ਇਕਮੁਸ਼ਤ ਭੁਗਤਾਨ ਕਰਨਾ ਹੋਵੇਗਾ। ਇਸ ਤੋਂ ਇਲਾਵਾ, ਜੇਕਰ ਕੋਈ 1 ਫੀਸਦੀ ਦੇ ਹਿਸਾਬ ਨਾਲ ਹੀ ਭੁਗਤਾਨ ਕਰਨਾ ਚਾਹੁੰਦਾ ਹੈ ਤਾਂ ਉਹ ਵੀ ਕਰ ਸਕਦਾ ਹੈ। ਸਰਕਾਰੀ ਪਸ਼ੂਧਨ ਫਾਰਮ, ਹਿਸਾਰ ਦੇ 4 ਪਿੰਡਾਂ ਨਾਂਅ: ਢੰਡੂਰ, ਗੀਰਾਵਾਲੀ, ਬੀੜ ਬਬਰਾਨ ਅਤੇ ਮਿਰਾਨ ਵਿਚ ਖੇਤੀ ਦੇ ਲਈ ਅਲਾਟ ਕੀਤੀ ਗਈ ਜਮੀਨ 'ਤੇ 1954 ਤੋਂ ਮਕਾਨ ਬਣਾ ਕੇ ਰਹਿ ਰਹੇ ਲੋਕਾਂ ਨੂੰ ਹੁਣ ਮਾਲਿਕਾਨਾ ਹੱਕ ਦਿੱਤਾ ਜਾਵੇਗਾ। ਇੱਥੇ 2719 ਘਰ ਹਨ। ਇੰਨ੍ਹਾਂ ਵਿੱਚੋਂ 1831 ਮਕਾਨ ਅਜਿਹੇ ਹਨ, ਜੋ 250 ਵਰਗ ਗਜ ਵਿਚ ਬਣੇ ਹਨ। ਅਜਿਹੇ ਮਕਾਨ ਮਾਲਿਕਾਂ ਨੂੰ ਹੁਣ 2000 ਰੁਪਏ ਪ੍ਰਤੀ ਵਰਗ ਗਜ ਦੇ ਅਨੁਸਾਰ ਭੁਗਤਾਨ ਕਰਨਾ ਹੋਵੇਗਾ। ਇਸੀ ਤਰ੍ਹਾ 250 ਵਰਗ ਗਜ ਤੋਂ 1 ਕਨਾਲ ਤਕ ਦੇ 742 ਘਰ ਹਨ, ਉਨ੍ਹਾਂ ਨੂੰ 3000 ਰੁਪਏ ਪ੍ਰਤੀ ਵਰਗ ਗਜ, 1 ਕਨਾਲ ਤੋਂ 4 ਕਨਾਲ ਤਕ ਦੇ 146 ਪਰਿਵਾਰ ਹਨ, ਉਨ੍ਹਾਂ ਨੂੰ 4000 ਰੁਪਏ ਪ੍ਰਤੀ ਵਰਗ ਗਜ ਦਾ ਭੁਗਤਾਨ ਕਰਨਾ ਹੋਵੇਗਾ। ਇਸ ਤੋਂ ਇਲਾਵਾ, ਜੋ ਘਰ 4 ਕਨਾਲ ਤੋਂ ਵੱਧ ਖੇਤਰ ਵਿਚ ਬਣੇ ਹਨ, ਉਨ੍ਹਾਂ ਨੂੰ 4 ਕਨਾਲ ਤਕ ਸੀਮਤ ਰੱਖਿਆ ਜਾਵੇਗਾ ਅਤੇ ਬਾਕੀ ਭੂਮੀ ਨੂੰ ਆਮ ਵਰਤੋ ਲਈ ਪਿੰਡ ਦੀ ਭੂਮੀ ਵਿਚ ਸ਼ਾਮਿਲ ਕੀਤਾ ਜਾਵੇਗਾ।

ਸ੍ਰੀ ਮਨੋਹਰ ਲਾਲ ਨੇ ਐਲਾਨ ਕਰਦੇ ਹੋਏ ਕਿਹਾ ਕਿ ਸਾਲ 2030 ਤਕ ਹਰਿਆਣਾ ਰਾਜ ਨੇ ਲਗਾਤਰ ਵਿਕਾਸ ਟੀਚੇ ਨੂੰ ਹਾਸਲ ਕਰਨ ਦਾ ਵਿਜਨ ਹੈ। ਇਸ ਦੇ ਲਈ ਮਿਸ਼ਨ ਹਰਿਆਣਾ 2047 ਲਈ ਹਾਈ ਲੇਵਲ ਟਾਸਕ ਫੋਰਸ ਬਣਾ ਰਹੇ ਹਨ। ਸ੍ਰੀ ਦੀਪਕ ਬਾਗਲਾ, ਜੋ ਕਿ ਇਨਵੇਸਟ ਇੰਡੀਆ ਦੇ ਸੀਈਓ ਰਹਿ ਚੁੱਕੇ ਹਨ, ਉਹ ਇਸ ਟਾਸਕ ਫੋਰਸ ਦੇ ਚੇਅਰਮੈਨ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2047 ਤਕ ਭਾਰਤ ਜੋ 5 ਟ੍ਰਿਲਿਅਨ ਯੂਐਸ ਡਾਲਰ ਦੀ ਇਕੋਨਾਮੀ ਬਨਣ ਜਾ ਰਿਹਾ ਹੈ, ਇਸ ਵਿਚ ਹਰਿਆਣਾ ਦੀ ਵੱਲੋਂ ਟ੍ਰਿਲਿਅਨ ਯੂਐਸ ਡਾਲਰ ਦਾ ਯੋਗਦਾਨ ਦੇਣ ਦੀ ਯੋਜਨਾ ਬਣਾ ਰਹੇ ਹਨ।

## ਸਪੈਸ਼ਲਿਸਟ ਕਾਡਰ ਅਤੇ ਐਮਬੀਬੀਐਸ ਕਾਡਰ ਦੀ ਵੱਖ-ਵੱਖ ਖਾਲੀ ਅਹੁਦਿਆਂ ਨੂੰ ਕੱਢਿਆ ਜਾਵੇਗਾ - ਵਿਜ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਮੌਜੂਦਾ ਰਾਜ ਸਰਕਾਰ ਸਪੈਸ਼ਲਿਸਟ ਕਾਡਰ ਬਨਾਉਣ ਜਾ ਰਹੀ ਹੈ ਅਤੇ ਇਸ 'ਤੇ ਸੈਦਾਂਤਿਕ ਤੌਰ 'ਤੇ ਸਹਿਮਤੀ ਦੇ ਦਿੱਤੀ ਗਈ ਹੈ। ਇਸ ਸਬੰਧ ਵਿਚ ਫਾਇਲ ਵਿੱਤ ਵਿਭਾਗ ਦੇ ਕੋਲ ਹੈ ਅਤੇ ਜਿਵੇਂ ਹੀ ਇਸ ਬਾਰੇ ਵਿਚ ਮੰਜੂਰੀ ਮਿਲੇਗੀ ਤਾਂ ਸਪੈਸ਼ਲਿਸਟ ਕਾਡਰ ਅਤੇ ਐਮਬੀਬੀਐਸ ਕਾਡਰ ਦੀ ਵੱਖ-ਵੱਖ ਖਾਲੀ ਅਹੁਦਿਆਂ ਨੂੰ ਕੱਢਿਆ ਜਾਵੇਗਾ।ਸ੍ਰੀ ਵਿਜ ਅੱਜ ਇੱਥੇ ਵਿਧਾਨਸਭਾ ਵਿਚ ਬਜਟ ਸੈਸ਼ਨ ਦੌਰਾਨ ਲਗਾਏ ਗਏ ਇਕ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦਸਿਆ ਕਿ ਰਾਜ ਵਿਚ ਪਹਿਲੀ ਵਾਰ ਡਾਕਟਰਾਂ ਦੀ ਲਿਯੁਕਤੀ ਵੱਡੇ ਪੱਧਰ 'ਤੇ ਕੀਤੀ ਗਈ ਹੈ ਜਿਸ ਦੇ ਤਹਿਤ ਸਾਲ 2022 ਵਿਚ 1252 ਡਾਕਟਰਾਂ ਦੀ ਭਰਤੀ ਲਈ ਇਸ਼ਤਿਹਾਰ ਕੱਢਿਆ ਗਿਆ ਸੀ ਅਤੇ 990 ਮੈਡੀਕਲ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ।

ਸ੍ਰੀ ਵਿਜ ਨੇ ਕਿਹਾ ਕਿ ਇਹ ਠੀਕ ਗੱਲ ਹੈ ਕਿ ਰਾਜ ਵਿਚ ਡਾਕਟਰਾਂ ਦੀ ਕਮੀ ਹੈ ਅਤੇ ਸਰਕਾਰ ਪੂਰਾ ਯਤਨ ਕਰ ਰਹੀ ਹੈ ਕਿ ਮਾਨਦੰਡਾਂ ਅਨੁਸਾਰ ਡਾਕਟਰਾਂ ਦੀ ਭਰਤੀ ਹੋਵੇ। ਉਨ੍ਹਾਂ ਨੇ ਦਸਿਆ ਕਿ ਸੂਬੇ ਵਿਚ ਸਾਲ 2017-18 ਵਿਚ 662 ਡਾਕਟਰਾਂ ਦੀ ਭਰਤੀ ਕੱਢੀ ਗਈ ਸੀ।

ਜਿਨ੍ਹਾਂ ਵਿੱਚੋਂ 554 ਡਾਕਟਰਾਂ ਨੂੰ ਨਿਯੁਕਤ ਕੀਤਾ ਗਿਆ ਹੈ। ਇਸੀ ਤਰ੍ਹਾ, ਸਾਲ 2020 ਵਿਚ 954 ਡਾਕਟਰਾਂ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਸਾਲ 2022 ਵਿਚ 1252 ਡਾਕਟਰਾਂ ਦੀ ਖਾਲੀ ਅਹੁਦਿਆਂ ਦੇ ਵਿਰੁੱਧ 990 ਮੈਡੀਕਲ ਅਧਿਕਾਰੀਆਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ।

ਸ੍ਰੀ ਵਿਜ ਨੇ ਕਿਹਾ ਕਿ ਭਰਤੀਆਂ ਦੀ ਪ੍ਰਕ੍ਰਿਆ ਲਗਾਤਾਰ ਚੱਲਦੀ ਰਹਿੰਦੀ ਹੈ। ਉਨ੍ਹਾਂ ਨੇ ਦਸਿਆ ਕਿ ਮੌਜੂਦਾ ਵਿਚ ਰਾਜ ਵਿਚ 5522 ਡਾਕਟਰਾਂ ਦੇ ਕੁੱਲ ਮੰਜੂਰ ਅਹੁਦੇ ਹਨ, ਜਿਨ੍ਹਾਂ ਵਿੱਚੋਂ 4016 ਡਾਕਟਰ ਦੇ ਅਹੁਦੇ ਭਰੇ ਹੋਏ ਹਨ ਅਤੇ ਮੌਜੂਦਾ ਵਿਚ 1506 ਖਾਲੀ ਅਹੁਦੇ ਹਨ।

ਉਨ੍ਹਾਂ ਨੇ ਕਿਹਾ ਕਿ ਡਾਕਟਰ ਕਈ ਵਾਰ ਨੌਕਰੀ ਛੱਡਕੇ ਚਲੇ ਜਾਂਦੇ ਹਨ ਅਤੇ ਅਹੁਦੇ ਖਾਲੀ ਹੋ ਜਾਂਦੇ ਹਨ। ਪਰ ਮੌਜੂਦਾ ਰਾਜ ਸਰਕਾਰ ਸਪੈਸ਼ਲਿਸਟ ਕਾਡਰ ਬਨਾਉਣ ਜਾ ਰਹੀ ਹੈ ਅਤੇ ਅਸੀਂ ਇਸ 'ਤੇ ਸੈਦਾਂਤਿਕ ਤੌਰ 'ਤੇ ਇਸ 'ਤੇ ਸਹਿਮਤੀ ਦੇ ਦਿੱਤੀ ਹੈ।

## ਅਟੇਲੀ ਵਿਧਾਨਸਭਾ ਖੇਤਰ ਦੇ 80 ਪਿੰਡਾਂ ਵਿਚ ਅਨੁਸੂਚਿਤ ਜਾਤੀ ਦੀ ਚੌਪਾਲਾਂ ਹਨ, 32 ਪਿੰਡਾਂ ਵਿਚ ਪਿਛੜੇ ਵਰਗ ਦੀ ਚੌਪਾਲਾਂ ਹਨ - ਦੇਵੇਂਦਰ ਸਿੰਘ ਬਬਲੀ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

- ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਦੇਵੇਂਦਰ ਸਿੰਘ ਬਬਲੀ ਨੇ ਕਿਹਾ ਕਿ ਅਟੇਲੀ ਵਿਧਾਨਸਭਾ ਖੇਤਰ ਦੇ 100 ਪਿੰਡਾਂ ਵਿੱਚੋਂ 80 ਪਿੰਡਾਂ ਵਿਚ ਅਨੁਸੂਚਿਤ ਜਾਤੀ ਦੀਆਂ ਚੌਪਾਲਾਂ ਹਨ ਅਤੇ 32 ਪਿੰਡਾਂ ਵਿਚ ਪਿਛੜੇ ਵਰਗ ਦੀਆਂ ਚੌਪਾਲਾਂ ਹਨ।ਸ੍ਰੀ ਬਬਲੀ ਅੱਜ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਇਕ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਕਿਹਾ ਕਿ ਅਟੇਲੀ ਵਿਧਾਨਸਭਾ ਖੇਤਰ ਵਿਚ 100 ਪਿੰਡਾਂ ਵਿੱਚੋਂ 30 ਪਿੰਡ ਅਜਿਹੇ ਹਨ, ਜਿਨ੍ਹਾਂ ਵਿਚ ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਦੀ ਦੋਵਾਂ ਚੌਪਾਲਾਂ ਬਣਾਈ ਗਈ ਹੈ, 50 ਪਿੰਡਾਂ ਵਿਚ ਸਿਰਫ ਅਨੁਸੂਚਿਤ ਜਾਤੀ ਦੀ ਚੌਪਾਲਾਂ ਹਨ, 2 ਪਿੰਡਾਂ ਵਿਚ ਸਿਰਫ ਪਿਛੜੇ ਵਰਗ ਦੀਆਂ ਚੌਪਾਲਾਂ ਹਨ ਅਤੇ ਬਾਕੀ 18 ਪਿੰਡਾਂ ਵਿਚ ਕੋਈ ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਦੀ ਚੌਪਾਲਾਂ ਨਹੀਂ ਹਨ। ਬਾਕੀ 18 ਪਿੰਡਾਂ ਵਿੱਚੋਂ 1 ਪਿੰਡ ਵਿਚ ਪਿੰਡ ਦਰਸ਼ਨ ਪੋਰਟਲ ਅਤੇ 4 ਪਿੰਡਾਂ ਵਿਚ ਜਨ ਸੰਵਾਦ ਦੇ ਤਹਿਤਅਨੁਸੂਚਿਤ ਜਾਤੀ ਦੀ ਚੌਪਾਲਾਂ ਦੇ ਨਿਰਮਾਣ ਦੀ ਮੰਗ ਪ੍ਰਾਪਤ ਹੋਈ ਹੈ। ਪਿਛੜੇ ਵਰਗ ਦੀ ਚੌਪਾਲਾਂ ਦੇ ਨਿਰਮਾਣ ਲਈ ਕੋਈ ਮੰਗ ਪ੍ਰਾਪਤ ਨਹੀਂ ਹੋਈ ਹੈ। ਇਹ ਪ੍ਰਸਤਾਵ ਸਰਕਾਰ ਦੇ ਕੋਲ ਵਿਚਾਰਧੀਨ ਹੈ।

## ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ : ਡਾ ਕਮਲ ਗੁਪਤਾ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ ਕਮਲ ਗੁਪਤਾ ਨੇ ਕਿਹਾ ਕਿ ਨਗਰ ਨਿਗਮ ਫਰੀਦਾਬਾਦ ਦੇ ਵਾਰਡਾਂ ਦੇ ਸਬੰਧ ਵਿਚ ਦਿੱਤੀ ਗਈ ਸ਼ਿਕਾਇਤ ਦੇ ਮਾਮਲੇ ਦੀ ਜਾਂਚ ਕਮਿਸ਼ਨਰ ਨਗਰ ਨਿਗਮ, ਫਰੀਦਾਬਾਦ ਨੂੰ ਸੌਂਪੀ ਗਈ ਹੈ ਤੇ ਜਾਂਚ ਪ੍ਰਕ੍ਰਿਆਧੀਨ ਹੈ। ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।ਡਾ. ਕਮਲ ਗੁਪਤਾ ਅੱਜ ਹਰਿਆਣਾ ਵਿਧਾਨਸਭਾ ਬਜਟ ਸੈਸ਼ਨ ਦੌਰਾਨ ਵਿਧਾਇਕ ਨੀਰਜ ਸ਼ਰਮਾ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਸਦਨ ਨੂੰ ਇਸ ਗੱਲ ਨਾਲ ਵੀ ਜਾਣੂੰ ਕਰਵਾਇਆ ਕਿ ਜਾਂਚ ਲਈ ਉਸ ਸਮੇਂ ਦੇ ਕਮਿਸ਼ਨਰ ਨਗਰ ਨਿਗਮ ਫਰੀਦਾਬਾਦ ਨੇ ਮਾਮਲੇ ਦੀ ਜਾਂਚ ਲਈ ਸੰਯੁਕਤ ਕਮਿਸ਼ਨਰ, ਮੁੱਖ ਇੰਜੀਨੀਅਰ ਅਤੇ ਜੋਨਲ ਅਤੇ ਕਰਾਧਾਨ ਅਧਿਕਾਰੀ (ਮੁੱਖ ਦਫਤਰ) ਦੀ ਇਕ ਸਮਿਤੀ ਗਠਨ ਕੀਤੀ।

ਉਨ੍ਹਾਂ ਨੇ ਦਸਿਆ ਕਿ ਸੀਏਜੀ ਰਿਪੋਰਟ ਅਤੇ ਏਸੀਬੀ ਦੀ ਜਾਂਚ ਰਿਪੋਰਟ ਵਿਚ ਦੱਸੇ ਗਏ ਕੰਮਾਂ ਲਈ ਭੁਗਤਾਨ/ਸਿਫਾਰਿਸ਼ ਕਰਨ ਵਾਲੇ ਅਧਿਕਾਰੀਆਂ ਦੇ ਨਾਂਅ ਵੀ ਦਿੱਤੇ ਹਨ। ਜਿਨ੍ਹਾਂ ਅਧਿਕਾਰੀਆਂ ਦੇ ਖਿਲਾਫ ਭ੍ਰਿਸ਼ਟਾਚਾਰ ਨਿਰੋਧਕ ਬਿਊਰੋ (ਏਸੀਬੀ) ਵੱਲੋਂ ਐਫਆਈਆਰ ਦਰਜ ਕੀਤੀ ਗਈ ਹੈ ਅਤੇ ਜਾਂਚ ਪ੍ਰਕ੍ਰਿਆ ਵਿਚ ਹੈ। ਭ੍ਰਿਸ਼ਟਾਚਾਰ ਨਿਰੋਧਕ ਬਿਊਰੋ ਮਾਮਲੇ ਦੀ ਜਾਂਚ ਕਰ ਰਹੀ ਹੈ। ਏਸੀਬੀ ਨੇ ਅੱਜ ਤਕ ਉਨ੍ਹਾਂ ਹੋਰ ਅਧਿਕਾਰੀਆਂ ਦੀ ਅਪਰਾਧਿਕ ਸਮੂਲੀਅਤ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ।

ਉਨ੍ਹਾਂ ਨੇ ਸਦਨ ਨੂੰ ਦਸਿਆ ਕਿ ਇਕ-ਇਕ ਦੋਸ਼ੀ ਵਿਅਕਤੀ ਸਜਾ ਭੁਗਤ ਵੀ ਚੁੱਕੇ ਹਨ ਅਤੇ ਭਵਿੱਖ ਵਿਚ ਵੀ ਦੋਸ਼ੀ ਵਿਅਕਤੀਆਂ ਨੂੰ ਸਜਾ ਦਿੱਤੀ ਜਾਵੇਗੀ।ਉਨ੍ਹਾਂ ਨੇ ਦਸਿਆ ਕਿ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਵੱਖ-ਵੱਖ ਵਿਭਾਗਾਂ ਦੇ ਵੱਖ-ਵੱਖ ਪੋਰਟਲ ਬਣਾ ਦਿੱਤੇ ਹਨ, ਡਬਲਿਯੂਐਮਐਸ ਬਣਾ ਦਿੱਤਾ ਹੈ, ਜਿਸ ਨਾਲ ਹਰੇਕ ਅਧਿਕਾਰੀ ਦੇ ਕਾਰਜ ਤੇ ਜਿਮੇਵਾਰੀਆਂ ਵੀ ਫਿਕਸ ਕਰ ਦਿੱਤੀਆਂ ਗਈਆਂ ਹਨ।

## ਡਿਜੀਟਲ ਯੁੱਗ ਵਿਚ ਹਰਿਆਣਾ ਦੀ ਇਕ ਹੋਰ ਨਵੀਂ ਪਹਿਲ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਜੀਟਲ ਯੁੱਗ ਵਿਚ ਅੱਜ ਹਰਿਆਣਾ ਨੇ ਨਵੀਂ ਉਚਾਈਆਂ ਨੂੰ ਛੋਹ ਲਿਆ ਜਦੋਂ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਐਲਾਨ ਕਰਦੇ ਹੋਏ ਕਿਹਾ ਕਿ ਸਾਰੇ ਵਿਭਾਗਾਂ ਦੇ ਰਿਕਾਰਡ ਨੂੰ ਡਿਜੀਟਲਾਇਜ ਕੀਤਾ ਜਾਵੇਗਾ। ਇਸ ਦੇ ਲਈ ਮੁੱਖ ਦਫਤਰ ਅਤੇ ਜਿਲ੍ਹਾ ਪੱਧਰ 'ਤੇ ਡਿਜੀਟਲ ਰਿਕਾਰਡ ਰੂਮ ਤਿਆਰ ਕੀਤੇ ਜਾਣਗੇ। ਇਸ ਵਿਵਸਥਾ ਲਈ ਮੌਜੂਦਾ ਬਜਟ 2024-25 ਤੋਂ ਇਲਾਵਾ ਜਰੂਰਤ ਪੈਣ 'ਤੇ ਆਉਣਵਾਲੇ ਸਪਲੀਮੈਂਟਰੀ ਬਜਟ ਅੰਦਾਜਿਆਂ ਵਿਚ ਬਜਟ ਦਾ ਪ੍ਰਾਵਧਾਨ ਕੀਤਾ ਜਾਵੇਗਾ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਰਕਾਰ ਨੇ ਕੈਥਲ ਜਿਲ੍ਹਾ ਤੋਂ ਮਾਲ ਵਿਭਾਗ ਦੇ ਰਿਕਾਰਡ ਨੂੰ ਡਿਜੀਟਲਾਇਜ ਕਰਨ ਦੀ ਸ਼ੁਰੂਆਤ ਕੀਤੀ ਸੀ ਅਤੇ ਅੱਜ ਪੂਰੇ ਵਿਭਾਗ ਦਾ ਰਿਕਾਰਡ ਡਿਜੀਟਲਾਇਜ ਹੋ ਚੁੱਕਾ ਹੈ।ਹਰਿਆਣਾ ਵਿਧਾਨਸਭਾ ਦੀ ਵੈਬਸਾਇਟ 'ਤੇ ਡਿਜੀਟਲ ਬਿਜਨੈਸ ਮਾਡੀਯੂਲ ਕੀਤਾ ਲਾਂਚ, 1966 ਤੋਂ ਲੈ ਕੇ ਅੱਜ ਤਕ ਦਾ ਸੰਪੂਰਣ ਰਿਕਾਰਡ ਹੋਇਆ ਡਿਜੀਟਲ

ਈ-ਵਿਧਾਨਸਭਾ ਦੇ ਵਿਜਨ ਨੂੰ ਅੱਗੇ ਵਧਾਉਂਦੇ ਹੋਏ ਹਰਿਆਣਾ ਵਿਧਾਨਸਭਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ ਨੇ ਇਕ ਵੱਡੀ ਪਹਿਲ ਕਰਦੇ ਹੋਏ ਵਿਧਾਨਸਭਾ ਦੇ ਸੰਪੂਰਣ ਰਿਕਾਰਡ ਨੂੰ ਡਿਜੀਟਲਾਇਜ ਰੂਪ ਦਿੱਤਾ ਹੈ। ਇਸ ਦੇ ਲਈ ਅੱਜ ਵਿਧਾਨਸਭਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ, ਸਦਨ ਦੇ ਨੇਤਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ, ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ ਅਤੇ ਨੇਤਾ ਵਿਰੋਧੀ ਧਿਰ ਸ੍ਰੀ ਭੁਪੇਂਦਰ ਸਿੰਘ ਹੁਡਾ ਅਤੇ ਵਿਧਾਨਸਭਾ ਡਿਪਟੀ ਸਪੀਕਰ ਸ੍ਰੀ ਰਣਬੀਰ ਗੰਗਵਾ ਨੇ ਵਿਧਾਨਸਭਾ ਦੀ ਵੈਬਸਾਇਟ 'ਤੇ ਡਿਜੀਟਲ ਲੇਜੀਸਲੇਟਿਵ ਬਿਜਨੈਸ ਮਾਡੀਯੂਲ ਲਾਂਚ ਕੀਤਾ।

ਇਸ ਵੈਬਸਾਇਟ 'ਤੇ 1966 ਤੋਂ ਲੈ ਕੇ ਵਿਧਾਨਸਭਾ ਦਾ ਅੱਜ ਤਕ ਦਾ ਸੰਪੂਰਣ ਰਿਕਾਰਡ ਡਿਜੀਟਲ ਰੂਪ ਨਾਲ ਉਪਲਬਧ ਹੋਵੇਗਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਵਿਧਾਨਸਭਾ ਸਪੀਕਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਰਿਕਾਰਡ ਡਿਜੀਟਲ ਹੋਣ ਨਾਲ ਇਸ ਦੀ ਵਰਤੋ ਚੰਗੀ ਤਰ੍ਹਾਂ ਕੀਤੀ ਜਾ ਸਕੇਗੀ ਅਤੇ ਕਦੀ ਵੀ ਜਰੂਰਤ ਪੈਣ 'ਤੇ ਇਸ ਨੂੰ ਦੇਖਿਆ ਜਾ ਸਕੇਗਾ।

## ਸਾਲ 2022 ਵਿਚ 990 ਮੈਡੀਕਲ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ - ਵਿਜ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਸੂਬੇ ਦੇ ਸਾਰੇ ਸਿਵਲ ਹਸਪਤਾਲਾਂ ਵਿਚ ਜਨ-ਔਸ਼ਧੀ ਕੇਂਦਰ ਸਥਾਪਿਤ ਕੀਤੇ ਜਾਣਗੇ ਅਤੇ ਇਸ ਸਬੰਧ ਵਿਚ ਕੇਂਦਰ ਸਰਕਾਰ ਨਾਲ ਗਲਬਾਤ ਚੱਲ ਰਹੀ ਹੈ। ਇੰਨ੍ਹਾਂ ਜਨ-ਔਸ਼ਧੀ ਕੇਂਦਰਾਂ ਵਿਚ ਫਾਰਮਾਸਿਸਟ ਵੀ ਨਿਯੁਕਤ ਕੀਤੇ ਜਾਣਗੇ।ਸ੍ਰੀ ਵਿਜ ਅੱਜ ਇੱਥੇ ਹਰਿਆਣਾ ਵਿਧਾਨਸਭਾ ਵਿਚ ਬਜਟ ਸੈਸ਼ਨ ਦੌਰਾਨ ਇਕ ਸੁਆਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਦਸਿਆ ਕਿ ਮੌਜੂਦਾ ਵਿਚ ਰਾਜ ਵਿਚ ਸਾਰੇ 22 ਜਿਲ੍ਹਿਆਂ ਨੂੰ ਕਵਰ ਕਰਦੇ ਹੋਏ ਰਿਟੇਲ ਦਵਾਈ ਲਾਇਸੈਂਸ ਰੱਖਣ ਵਾਲੇ ਲਗਭਗ 171 ਕੇਂਦਰ ਹਨ। ਸਰਕਾਰੀ ਹਸਪਤਾਲਾਂ/ਮੈਡੀਕਲ ਕਾਲਜਾਂ ਵਿਚ ਪੰਜ ਕੇਂਦਰ ਚੱਲ ਰਹੇ ਹਨ। ਹਰੇਕ ਜਿਲ੍ਹੇ ਵਿਚ ਸਿਹਤ ਭਲਾਈ ਸਮਿਤੀ ਨੂੰ ਕਾਰਜ ਕਰਨ ਲਈ ਅਥੋਰਾਇਜਡ ਕੀਤਾ ਗਿਆ ਹੈ, ਇਨ੍ਹਾਂ ਵਿੱਚੋਂ ਕਰਨਾਲ , ਭਿਵਾਨੀ, ਰਿਵਾੜੀ, ਗੁਰੂਗ੍ਰਾਮ ਅਤੇ ਯਮੁਨਾਨਗਰ ਦੇ ਜਿਲ੍ਹਾ ਹਸਪਤਾਲਾਂ ਵਿਚ ਪੰਜ ਜਨ-ਔਸ਼ਧੀ ਕੇਂਦਰਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਸ੍ਰੀ ਵਿਜ ਨੇ ਕਿਹਾ ਕਿ ਰਾਜ ਦੇ ਵੱਖ-ਵੱਖ ਸਿਹਤ ਸੰਸਥਾਨਾਂ ਵਿਚ ਪੀਪੀਪੀ ਮੋਡ ਤਹਿਤ ਸਿਟੀ ਸਕੈਨ/ਐਮਆਰਆਈ ਸਕੈਨ ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਮੌਜੂਦਾ ਵਿਚ ਝੱਜਰ, ਚਰਖੀ ਦਾਦਰੀ, ਫਤਿਹਾਬਾਦ, ਨੂੰਹ ਅਤੇ ਨਾਰਨੌਲ ਨੂੰ ਛੱਡ ਕੇ 17 ਜਿਲ੍ਹਿਆਂ ਵਿਚ ਸਿਟੀ ਸਕੈਨ ਸੇਵਾਵਾਂ ਚਾਲੂ ਹਨ ਅਤੇ ਝੱਜਰ ਅਤੇ ਚਰਖੀ-ਦਾਦਰੀ ਲਈ ਟੈਂਡਰ ਜਾਰੀ ਕੀਤੇ ਗਏ ਹਨ।

ਉਨ੍ਹਾਂ ਨੇ ਦਸਿਆ ਕਿ ਐਮਆਈਆਰ ਸੇਵਾਵਾਂ 5 ਜਿਲ੍ਹਿਆਂ ਅੰਬਾਲਾ, ਭਿਵਾਨੀ, ਫਰੀਦਾਬਾਦ, ਗੁਰੂਗ੍ਰਾਮ ਅਤੇ ਪੰਚਕੂਲਾ ਵਿਚ ਉਪਲਬਧ ਹਨ ਅਤੇ 6 ਜਿਲ੍ਹਿਆਂ ਕੁਰੂਕਸ਼ੇਤਰ, ਪਾਣੀਪਤ, ਬਹਾਦੁਰਗੜ੍ਹ (ਝੱਜਰ) , ਪਲਵਲ, ਚਰਖੀ-ਦਾਦਰੀ ਅਤੇ ਯਮੁਨਾਨਗਰ ਦੇ ਲਈ ਟੈਂਡਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਅਤੇ ਪ੍ਰਕ੍ਰਿਆਧੀਨ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਰਾਜ ਦੀ 162 ਪੀਐਚਸੀ/ਸੀਐਚਸੀ ਹੋਰ ਦੇ ਮੁੜਵਿਸਥਾਰ ਲਈ ਰਕਮ ਨੂੰ ਜਾਰੀ ਕਰ ਦਿੱਤਾ ਗਿਆ ਹੈ ਅਤੇ ਇਸ ਦੇ ਤਹਿਤ ਚਰਖੀ ਦਾਦਰੀ ਦੇ ਸੀਐਚਸੀ ਤੇ ਪੀਐਚਸੀ ਪਹਿਲੇ ਪੜਾਅ ਵਿਚ ਹੀ ਤਿਆਰ ਕੀਤੀ ਜਾਵੇਗੀ ਅਤੇ ਸਾਰੇ 29 ਪੁਰਾਣੇ ਉੱਪ-ਸਿਹਤ ਕੇਂਦਰਾਂ ਦਾ ਮੁੜ ਨਿਰਮਾਣ ਅਗਲੇ ਵਿੱਤੀ ਸਾਲ ਵਿਚ ਪੂਰਾ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ ਕਿ ਦਾਦਰੀ ਸ਼ਹਿਰ ਦੇ ਸਿਵਲ ਹਸਪਤਾਲ ਵਿਚ ਕਿਫਾਇਤੀ ਦਰਾਂ 'ਤੇ ਦਵਾਈਆਂ ਉਪਲਬਧ ਕਰਾਉਣ ਦਾ ਕਾਰਜ ਅਗਲੇ ਵਿੱਤੀ ਸਾਲ ਵਿਚ ਪੂਰਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਨੇ ਦਸਿਆ ਕਿ ਪੀਪੀਪੀ ਮੋਡ ਰਾਹੀਂ ਸੀਟੀ ਸਕੈਨ ਅਤੇ ਐਮਆਰਆਈ ਸਕੈਨ ਦੀ ਸਹੂਲਤ ਪ੍ਰਦਾਨ ਕਰਨ ਲਈ ਟੈਂਡਰ ਪ੍ਰਕ੍ਰਿਆਧੀਨ ਹੈ ਅਤੇ ਇਸ ਅਗਲੇ ਵਿੱਤੀ ਸਾਲ ਵਿਚ ਆਖੀਰੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ।

## ਕਰਨਾਲ ਸਮਾਰਟ ਸਿਟੀ ਦੇ ਤਹਿਤ ਪਾਰਦਰਸ਼ਿਤਾ ਨਾਲ ਕੀਤੇ ਜਾ ਰਹੇ ਕੰਮ - ਮੁੱਖ ਮੰਤਰੀ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਕਰਨਾਲ ਸਮਾਰਟ ਸਿਟੀ ਤਹਿਤ ਪਾਰਦਰਸ਼ਿਤਾ ਨਾਲ ਵਿਕਾਸ ਕੰਮ ਕੀਤੇ ਜਾ ਰਹੇ ਹਨ, ਕਿਸੇ ਵੀ ਤਰ੍ਹਾ ਦਾ ਕੋਈ ਭ੍ਰਿਸ਼ਟਾਚਾਰ ਨਹੀਂ ਹੈ।

ਕਿਸੇ ਕੰਮ ਨੂੰ ਲੈ ਕੇ ਜੇਕਰ ਕਿਸੇ ਵਿਧਾਇਕ ਵੱਲੋਂ ਕੋਈ ਸ਼ਿਕਾਇਤ ਦਿੱਤੀ ਜਾਂਦੀ ਹੈ, ਤਾਂ ਯਕੀਨੀ ਤੌਰ 'ਤੇ ਸਰਕਾਰ ਜਾਂਚ ਕਰਵਾਏਗੀ ਅਤੇ ਜੋ ਦੋਸ਼ੀ ਪਾਇਆ ਜਾਵੇਗਾ, ਉਸ 'ਤੇ ਕਾਰਵਾਈ ਕੀਤੀ ਜਾਵੇਗੀ।ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਵਿਚ ਸੁਆਲ ਸਮੇਂ ਦੌਰਾਨ ਬੋਲ ਰਹੇ ਸਨ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਮਾਰਟ ਸਿਟੀ ਪਰਿਯੋਜਨਾ ਤਹਿਤ ਯਕੀਨੀ ਕੰਮ ਕੀਤੇ ਜਾਂਦੇ ਹਨ, ਉਨ੍ਹਾਂ ਦੀ ਰਕਮ ਵੀ ਯਕੀਨੀ ਹੁੰਦੀ ਹੈ। ਇਸ ਤੋਂ ਇਲਾਵਾ, ਹੋਰ ਸਾਰੇ ਕੰਮ ਨਗਰ ਨਿਗਮ ਵੱਲੋਂ ਕੀਤੇ ਜਾਂਦੇ ਹਨ। ਇਸ ਲਈ ਕਿਸੇ ਮੈਂਬਰ ਵੱਲੋਂ ਇਹ ਕਹਿਣਾ ਕਿ ਸਮਾਰਟੀ ਸਿਟੀ ਦੇ ਤਹਿਤ ਪਾਰਦਰਸ਼ਿਤਾ ਨਾਲ ਕੰਮ ਨਹੀਂ ਹੋ ਰਹੇ, ਇਹ ਗਲਤ ਹੈ। ਵਿਧਾਇਕ ਲਿਖਤ ਵਿਚ ਸ਼ਿਕਾਇਤ ਦੇਣ ਤਾਂ ਸਰਕਾਰ ਯਕੀਨੀ ਤੌਰ 'ਤੇ ਉਸ ਦੀ ਜਾਂਚ ਕਰਵਾਏਗੀ।

## 300 ਮੀਟਰ ਤਕ ਡੇਰੇ ਤੇ ਢਾਣੀਆਂ ਨੂੰ ਦਿੱਤੇ ਜਾਣ ਵਾਲੇ ਬਿਜਲੀ ਕਨੈਕਸ਼ਨ 'ਤੇ ਖਪਤਕਾਰਾਂ ਨੂੰ ਨਹੀਂ ਦੇਣਾ ਹੋਵੇਗਾ ਮੋਈ ਖਰਚ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਗ੍ਰਾਮੀਣ ਖੇਤਰ ਦੇ ਬਿਜਲੀ ਖਪਤਕਾਰਾਂ ਦੇ ਲਈ ਐਲਾਨ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਹੁਣ ਪਿੰਡ ਦੀ ਫਿਰਨੀ ਤੋਂ 3 ਕਿਲੋਮੀਟਰ ਤਕ ਸਥਿਤ ਡੇਰੇ ਤੇ ਢਾਣੀਆਂ ਨੂੰ ਬਿਜਲੀ ਕਨੈਕਸ਼ਨ ਦਿੱਤੇ ਜਾਣਗੇ। ਪਹਿਲਾਂ ਇਹ ਸੀਮਾ 1 ਕਿਲੋਮੀਟਰ ਸੀ। ਇਸ ਦੇ ਨਾਲ ਹੀ 300 ਮੀਟਰ ਤਕ ਡੇਰੇ ਤੇ ਢਾਣੀਆਂ ਨੂੰ ਦਿੱਤੇ ਜਾਣ ਵਾਲੇ ਬਿਜਲੀ ਕਨੈਕਸ਼ਨ 'ਤੇ ਖਪਤਕਾਰਾਂ ਨੂੰ ਕੋਈ ਖਰਚ ਨਹੀਂ ਦੇਣਾ ਹੋਵੇਗਾ। 300 ਮੀਟਰ ਦੇ ਬਾਅਦ ਵੀ ਕੋਈ ਕਨੈਕਸ਼ਨ ਦਿੱਤਾ ਜਾਂਦਾ ਹੈ ਤਾਂ ਖਪਤਕਾਰ ਤੋਂ ਅੱਧਾ ਖਰਚ ਲਿਆ ਜਾਵੇਗਾ ਅਤੇ ਅੱਧਾ ਖਰਚ ਸਰਕਾਰ ਭੁਗਤਾਨ ਕਰੇਗੀ। ਪਹਿਲੇ ਇਹ ਸੀਮਾ 150 ਮੀਟਰ ਸੀ। ਮੁੱਖ ਮੰਤਰੀ ਨੇ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਬੋਲ ਰਹੇ ਸਨ।ਸ੍ਰੀ ਮਨੋਹਰ ਲਾਲ ਨੇ ਇਕ ਹੋਰ ਐਲਾਨ ਕਰਦੇ ਹੋਏ ਕਿਹਾ ਕਿ ਡੇਰੇ ਤੇ ਢਾਣੀਆਂ ਦੇ ਜੋ ਖਪਤਕਾਰ ਟਿਊਬਵੈੱਲ ਦੀ ਬਜਾਏ ਗ੍ਰਾਮੀਣ ਫੀਡਰ ਤੋਂ ਬਿਜਲੀ ਕਨੈਕਸ਼ਨ ਲੈਣਾ ਚਾਹੁੰਦਾ ਹੈ ਤਾਂ ਟ੍ਰਾਂਸਫਾਰਮਰ ਦਾ ਪੂਰਾ ਖਰਚ ਸਰਕਾਰ ਭੁਗਤਾਨ ਕਰੇਗੀ। ਖਪਤਕਾਰ ਨੂੰ ਸਿਰਫ ਨਵੀਂ ਲਾਇਨ ਦਾ ਖਰਚ ਭੁਗਤਾਨ ਕਰਨਾ ਹੋਵੇਗਾ।

## ਇਨੋਵੇਟਿਵ ਕਲੇਕਸ਼ਨ ਅਤੇ ਇੰਡਸਟ੍ਰੀ ਵਿਜਨ ਦੇ ਨਾਲ ਟ੍ਰਾਈਡੈਂਟ ਗਰੁੱਪ ਨੇ ਭਾਰਤ ਟੇਕਸ 2024 ਪ੍ਰਦਰਸ਼ਨੀ ਵਿੱਚ ਮਚਾਈ ਧੂਮ

**ਬਰਨਾਲਾ, 2 ਮਾਰਚ**
**-ਵਿਪਨ ਗੁਪਤਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤ ਟੇਕਸ 2024 ਪ੍ਰਦਰਸ਼ਨੀ ਵਿੱਚ ਟ੍ਰਾਈਡੈਂਟ ਗਰੁੱਪ ਦੀ ਗਤੀਸ਼ੀਲ ਮੌਜੂਦਗੀ ਬਹੁਤ ਸਾਰੇ ਮਹਿਮਾਨਾਂ ਦਾ ਧਿਆਨ ਖਿੱਚ ਰਹੀ ਹੈ। ਟ੍ਰਾਈਡੈਂਟ ਨੇ ਟੇਕਸਟਾਈਲ ਇੰਡਸਟ੍ਰੀ ਵਿੱਚ ਇਨੋਵੇਸ਼ਨ ਅਤੇ ਗਲੋਬਲ ਲੀਡਰਸ਼ਿਪ ਦੇ ਇਸ ਮੰਚ ਤੇ ਆਪਣੇ ਨਵੀਨਤਮ ਸੰਗ੍ਰਹਿ ਨੂੰ ਸ਼ਾਮਲ ਕੀਤਾ ਹੈ। ਇੱਥੇ ਆਪਣੀ ਵੱਖ-ਵੱਖ ਪੇਸ਼ਕਸ਼ਾਂ ਦੇ ਨਾਲ ਟ੍ਰਾਈਡੈਂਟ ਦੇ ਪ੍ਰਦਰਸ਼ਿਤ ਉਤ ?ਪਾਦ , ਟੇਕਸਟਾਈਲ ਉਦਯੋਗ ਦੇ ਪ੍ਰੋਫੈਸ਼ਨਲ ਅਤੇ ਇੱਥੇ ਪਹੁਚਨ ਵਾਲੇ ਉਤਸ਼ਾਹੀ ਲੋਕਾਂ ਲਈ ਇੱਕ ਖਿਚ ਦਾ ਕੇਂਦਰ ਬਿੰਦੂ ਬਨਯਾ ਹੋਯਾ ਹੈ , ਜੋ ਟੇਕਸਟਾਈਲ ਇੰਡਸਟ੍ਰੀ ਦੇ ਭਵਿੱਖ ਨੂੰ ਅੱਗੇ ਵਧਾਉਣ ਵਾਲੇ ਅਤ ?ਯਾਧੁਨਿਕ ਰੁਜ਼ਾਨਾ ਅਤੇ ਸਸਟੇਨੇਬਲ ਪ੍ਰਥਾਵਾਂ ਦਾ ਪਤਾ ਲਗਾਉਣ ਲਈ ਉਤਸੁਕ ਹਨ।

ਇੱਥੇ ਭਾਰਤ ਟੇਕਸ 2024 ਵਿੱਚ ਪ੍ਰਦਰਸ਼ਿਤ ਟ੍ਰਾਈਡੈਂਟ ਉਤਪਾਦਾਂ ਦਾ ਕਲੇਕਸ਼ਨ ਲੋਕਾਂ ਦੇ ਸਵਾਦ ਅਤੇ ਵੱਖ-ਵੱਖ ਤਰਜੀਹਾਂ ਨੂੰ ਪੂਰਾ ਕਰਨ ਲਈ ਬਹੁਤ ਸੋਚ-ਸਮਝ ਕੇ ਪੇਸ਼ ਕੀਤਾ ਗਯਾ ਹੈ। ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਦਾ, ÷ਅਤੁਲਯ ਭਾਰਤ÷ ਦੇ ਜੀਵਤ ਰੰਗਾਂ ਤੋਂ ਲੈਕੇ ਭਾਰਤੀ ਅਤੇ ਅੰਤਰਰਾਸ਼ਟਰੀ ਤਰਜੀਹਾਂ ਦਾ ਮਿਸ਼ਰਣ ÷ ਮੂਡ ਇੰਡਿਗੋ÷ ਕਲੇਕਸ਼ਨ ਜੋ ਕੀ ਸ਼ਾਂਤ, ਸੁੰਦਰ ਅਤੇ ਇੱਕ ਵਿਲੱਖਣ ਉਤਪਾਦਾਂ ਨੂੰ ਪੇਸ਼ ਕਰਦਾ ਹੈ, ਇੱਥੇ ਟ੍ਰਾਈਡੈਂਟ ਦੁਆਰਾ ਪ੍ਰਦਰਸ਼ਿਤ ਕੀਤੇ ਗਏ ਹਨ।

ਟੇਕਸਟਾਈਲ ਇੰਡਸਟ੍ਰੀ ਲਈ ਇੱਕ ਸਸਟੇਨੇਬਲ ਭਵਿੱਖ ਨੂੰ ਆਕਾਰ ਦੇਣ ਦੀ ਆਪਣੇ ਮੁਹਿਮ ਨੂੰ ਉਜਾਗਰ ਕਰ ?ਦਯਾਂ, ਟ੍ਰਾਈਡੈਂਟ ਗਰੁੱਪ ਨੇ ਆਪਣੀ ÷ਸਸਟੇਨੇਬਿਲਿਟੀ÷ ਸੇਗਮੈਂਟ ਵਿੱਚ ਬਹੁਤ ਹੀ ਦੇਖਭਾਲ ਅਤੇ ਸਟੀਕਤਾ ਦੇ ਨਾਲ ਤਿਆਰ ਕੀਤੇ ਗਏ ਇਕੋ ਫ੍ਰੈਂਡਲੀ ਉਤਪਾਦ ਨੂੰ ਪ੍ਰਦਰਸ਼ਿਤ ਕੀਤਾ ਹੈ। ÷ਡਿਜ਼ਾਇਨਰ ਡੇਸਕ ÷ ਥੀਮ ਵਿੱਚ ਪੇਸਟਲ ਲਹਜੇ ਦੇ ਨਾਲ ਕਾਲੇ ਅਤੇ ਸਫੈਦ ਰੰਗ ਦਾ ਇੱਕ ਮਿਸ਼ਰਨ ਪੇਸ਼ ਕੀਤਾ ਗਿਆ ਹੈ। ਇਸ ਪ੍ਰਦਰਸ਼ਨੀ ਵਿੱਚ ਟ੍ਰਾਈਡੈਂਟ ਦੀ ਡਿਜ਼ਾਈਨਰਸ ਸ਼ਿਵਨ ਅਤੇ ਨਰੇਸ਼ ਦੇ ਨਾਲ ਮਿਲਕੇ ਤਿਆਰ ਕੀਤੀ ਗਈ ਨਈ ਕਲੇਕਸ਼ਨ ਵੀ ਸ਼ਾਮਲ ਹੈ।

ਡਿਜੀਟਲ ਯੁਗ ਨੂੰ ਅਪਨਾਉਦਆਂ , ਟ੍ਰਾਈਡੈਂਟ ਦਾ ÷ਡਿਜਿਟਲ ਭਾਰਤ÷ ਥੀਮ ਟੇਕਸਟਾਇਲ ਅਤੇ ਟੈਕਨੋਲੋਜੀ ਦੇ ਸਹਿਜ ਮਿਸ਼੍ਰਣ ਨੂੰ ਦਰ ?ਸ਼ਾਂਦਾ ਹੈ, ਜੋ ਪ੍ਰਦਰਸ਼ਨੀ ਵਿਚ ਆ ਰਹੇ ਲੋਕਾਂ ਨੂੰ ਟੇਕਟਾਈਲ ਡਿਜ਼ਾਈਨ ਅਤੇ ਭਵਿੱਖ ਦੀ ਇੱਕ ਝਲਕ ਵੀ ਪ੍ਰਦਾਨ ਕਰਦਾ ਹੈ।

## ਪੰਜਾਬੀ ਯੂਨੀਵਰਸਿਟੀ ਦਾ ਧਰਨਾ ਸਮਾਪਤ

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਨਾਲ ਕਥਿਤ ਮਾੜੇ ਵਿਵਹਾਰ ਕਾਰਨ ਮੁਅੱਤਲ ਕੀਤੇ ਪੰਜਾਬੀ ਵਿਭਾਗ ਦੇ ਅਧਿਆਪਕ ਪ੍ਰੋਫੈਸਰ ਸੁਰਜੀਤ ਸਿੰਘ ਨੂੰ ਇਥੋਂ ਦੀ ਪੰਜਾਬੀ ਯੂਨੀਵਰਸਿਟੀ ਨੇ ਬਹਾਲ ਕਰ ਦਿੱਤਾ ਹੈ।

ਇਸ ਦੇ ਨਾਲ ਹੀ ਇਸ ਅਧਿਆਪਕ ਦੀ ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਮੁਅੱਤਲ ਦਰਜਨ ਦੇ ਕਰੀਬ ਵਿਦਿਆਰਥੀ ਵੀ ਬਹਾਲ ਕਰ ਦਿੱਤੇ। ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਦੇ ਆਦੇਸ਼ਾਂ 'ਤੇ ਇਨ੍ਹਾਂ ਨੂੰ



ਯੂਨੀਵਰਸਿਟੀ ਦੀ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿੱਚ ਬਹਾਲ ਕੀਤਾ ਗਿਆ ਹੈ, ਜਿਸ ਉਪਰੰਤ ਵਿਦਿਆਰਥੀਆਂ ਵੱਲੋਂ ਕੁਝ ਮਹੀਨਿਆਂ ਤੋਂ ਯੂਨੀਵਰਸਿਟੀ ਦੇ ਗੇਟ 'ਤੇ ਲਾਇਆ ਗਿਆ ਧਰਨਾ ਵੀ ਸਮਾਪਤ ਕਰ ਦਿੱਤਾ ਗਿਆ ਹੈ।

## ਮਾਡਲ ਟਾਊਨ ਵਾਸੀ ਆਵਾਰਾ ਕੁੱਤਿਆਂ ਤੋਂ ਪ੍ਰੇਸ਼ਾਨ



**ਯਮੁਨਾਨਗਰ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਲ ਟਾਊਨ ਇਲਾਕੇ ਵਿੱਚ ਆਵਾਰਾ ਕੁੱਤਿਆਂ ਦੀ ਦਹਿਸ਼ਤ ਲਗਾਤਾਰ ਵਧਦੀ ਜਾ ਰਹੀ ਹੈ। ਆਵਾਰਾ ਕੁੱਤਿਆਂ ਨੇ ਕਈ ਲੋਕਾਂ ਨੂੰ ਜ਼ਖਮੀ ਕਰ ਦਿੱਤਾ ਹੈ ਪਰ ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਨੂੰ ਕਾਬੂ ਕਰਨ ਲਈ ਕੋਈ ਹੋਰ ਕਦਮ ਚੁੱਕਣ ਲਈ ਗੰਭੀਰ ਨਹੀਂ ਜਾਪਦਾ। ਇਨ੍ਹਾਂ ਆਵਾਰਾ ਕੁੱਤਿਆਂ ਦੀ ਭਰਮਾਰ ਕਾਰਨ ਇਲਾਕਾ ਨਿਵਾਸੀਆਂ ਦਾ ਘਰਾਂ ਤੋਂ ਬਾਹਰ ਨਿਕਲਣਾ ਮੁਸ਼ਕਲ ਹੋ ਰਿਹਾ ਹੈ। ਉਹ ਆਪਣੇ ਸਕੂਲ ਜਾਣ ਵਾਲੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਰਹਿੰਦੇ ਹਨ। ਸ਼ਹਿਰ ਵਾਸੀ ਮਨਜੀਤ ਸਿੰਘ, ਹੈਪੀ, ਗੋਲਡੀ, ਦੀਵਾਨ ਚੰਦ, ਜੀਪੀ ਸਿੰਘ, ਜਸਵਿੰਦਰ ਕੌਰ, ਬਲਜੀਤ ਕੌਰ, ਰਮੇਸ਼ ਮਲਿਕ, ਗੀਤਾ, ਬ੍ਰਹਮਜੀਤ ਸਿੰਘ, ਗੁਰਨੂਰ ਸਿੰਘ, ਸੁਰਜੀਤ ਸਿੰਘ ਪਟੇਲ ਨਗਰ, ਟੈਗੋਰ ਗਾਰਡਨ ਆਦਿ ਇਲਾਕਿਆਂ ਵਿਚ ਵੱਡੀ ਗਿਣਤੀ ਵਿਚ ਆਵਾਰਾ ਕੁੱਤੇ ਸੜਕਾਂ 'ਤੇ ਬੈਠੇ ਰਹਿੰਦੇ ਹਨ ਅਤੇ ਦੋਪਹੀਆ ਵਾਹਨਾਂ ਦੇ ਪਿੱਛੇ ਭੱਜਦੇ ਹਨ ਜਿਸ ਕਾਰਨ ਡਰੇ ਹੋਏ ਵਾਹਨ ਚਾਲਕ ਸੜਕਾਂ ਅਤੇ ਡਿਵਾਈਡਰਾਂ ਨਾਲ ਟਕਰਾ ਕੇ ਜ਼ਖ਼ਮੀ ਹੋ ਰਹੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹ ਨਗਰ ਨਿਗਮ ਨੂੰ ਲੱਖਾਂ ਰੁਪਏ ਰੋਡ ਟੈਕਸ, ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਦੇ ਰੂਪ ਵਿੱਚ ਅਦਾ ਕਰਦੇ ਹਨ।

## ਨਹਿਰ ਦਾ ਮੋਘਾ ਰੱਦ ਕਰਵਾਉਣ ਲਈ ਕਿਸਾਨਾਂ ਵੱਲੋਂ ਧਰਨਾ

**ਸਿਰਸਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਸਿਰਸਾ ਵੱਲੋਂ ਵਸਾਏ ਪਿੰਡ ਲਈ ਸਿਰਸਾ ਮੇਜਰ ਨਹਿਰ 'ਚੋਂ ਲਾਏ ਜਾ ਰਹੇ ਮੋਘੇ ਨੂੰ ਰੱਦ ਕਰਵਾਉਣ ਲਈ ਡੇਢ ਦਰਜਨ ਤੋਂ ਵੱਧ ਪਿੰਡਾਂ ਦੇ ਕਿਸਾਨਾਂ ਦਾ ਧਰਨਾ ਡੇਢ ਮਹੀਨੇ ਤੋਂ ਜਾਰੀ ਹੈ। ਕਿਸਾਨਾਂ ਨੇ ਹੁਣ 2 ਮਾਰਚ ਨੂੰ ਟਰੈਕਟਰ ਮਾਰਚ ਕਰਕੇ ਡਿਪਟੀ ਕਮਿਸ਼ਨਰ ਦੀ ਕੋਠੀ ਦੇ ਘਿਰਾਓ ਦਾ ਐਲਾਨ ਕੀਤਾ ਹੈ।ਪਿੰਡ ਬਾਜੇਕਾਂ ਤੇ ਫੂਲਕਾਂ ਵਿਚਾਲੇ ਡੇਢ ਮਹੀਨੇ ਤੋਂ ਧਰਨਾ ਲਾ ਰਹੇ ਕਿਸਾਨਾਂ ਦੀ ਅਗਵਾਈ ਕਰ ਰਹੇ ਸਾਬਕਾ ਪ੍ਰਿੰਸੀਪਲ ਰਾਮ ਚੰਦ ਢੋਟ, ਸਾਬਕਾ ਫੌਜੀ ਰਾਮ ਕਿਸ਼ਨ, ਭਜਨ ਲਾਲ ਆਦਿ ਨੇ ਦੱਸਿਆ ਕਿ ਸਿਰਸਾ ਮੇਜਰ ਨਹਿਰ 'ਚੋਂ ਰਾਜਸੀ ਧੱਕੇਸ਼ਾਹੀ ਕਾਰਨ ਡੇਰੇ ਵੱਲੋਂ ਵਸਾਏ ਗਏ ਨਵੇਂ ਪਿੰਡ ਸ਼ਾਹ ਸਤਨਾਮਪੁਰਾ ਨੂੰ ਪਾਣੀ ਦੇਣ ਦੀ ਤਜਵੀਜ਼ ਹੈ ਜਦੋਂਕਿ ਸਿਰਸਾ ਮੇਜਰ ਨਹਿਰ 'ਚ ਪਹਿਲਾਂ ਹੀ ਪਾਣੀ ਦੀ ਭਾਰੀ ਕਮੀ ਹੈ। ਉਨ੍ਹਾਂ ਕਿਹਾ ਕਿ ਜੇ ਸਿਰਸਾ ਮੇਜਰ ਨਹਿਰ 'ਚੋਂ ਪਾਣੀ ਦਿੱਤਾ ਜਾਂਦਾ ਹੈ ਤਾਂ ਜਿਥੇ ਦਰਜਨਾਂ ਪਿੰਡਾਂ ਵਿੱਚ ਪੀਣ ਦੇ ਪਾਣੀ ਦੀ ਸਮੱਸਿਆ ਖੜ੍ਹੀ ਹੋ ਜਾਵੇਗੀ ਉਥੇ ਹੀ ਸ਼ਹਿਰ ਦੀ ਅੱਧੀ ਆਬਾਦੀ ਵੀ ਇਸ ਨਾਲ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ। ਉਨ੍ਹਾਂ ਕਿਹਾ ਕਿ ਡੇਰੇ ਵੱਲੋਂ ਵਸਾਇਆ ਗਿਆ ਸ਼ਾਹ ਸਤਨਾਮਪੁਰਾ ਪਿੰਡ ਪਹਿਲਾਂ ਹੀ ਨੇਜੀਆ ਨਹਿਰ ਦੇ ਕੰਢੇ ਹੈ ਅਤੇ ਜੇ ਪਿੰਡ ਨੂੰ ਪਾਣੀ ਦੀ ਲੋੜ ਹੈ ਤਾਂ ਨੇਜੀਆ ਨਹਿਰ 'ਚੋਂ ਹੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇ ਪ੍ਰਸ਼ਾਸਨ ਨੇ ਸਿਰਸਾ ਮੇਜਰ ਨਹਿਰ 'ਚੋਂ ਪਾਣੀ ਦੇਣ ਦੀ ਕੋਸ਼ਿਸ਼ ਕੀਤੀ ਤਾਂ ਦਰਜਨਾਂ ਪਿੰਡਾਂ ਦੇ ਲੋਕ ਤਿੱਖਾ ਸੰਘਰਸ਼ ਕਰਨਗੇ।



## ਕਿਸਾਨਾਂ ਨੂੰ ਮਧੂ ਮੱਖੀ ਦੇ ਧੰਦੇ ਨਾਲ ਜੁੜਨ ਦਾ ਸੱਦਾ

**ਸ਼ਾਹਬਾਦ ਮਾਰਕੰਡਾ,2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ ਨੇ ਰਾਮ ਨਗਰ ਵਿਚ ਏਕੀਕ੍ਰਿਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਰਾਮ ਨਗਰ ਕੁਰੂਕਸ਼ੇਤਰ ਵਿਚ ਦੇਸ਼ ਦਾ ਇੱਕੋ ਇੱਕ ਏਕੀਕ੍ਰਿਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਕਿਸਾਨਾਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਸ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਰਾਹੀਂ ਕਿਸਾਨਾਂ ਨੂੰ ਸਿਖਲਾਈ ਦੇਣ ਦੇ ਨਾਲ ਨਾਲ ਵਿਭਾਗ ਵੱਲੋਂ ਮਧੂ ਮੱਖੀ ਪਾਲਣ ਲਈ ਸਾਰੇ ਸਾਧਨ ਮੁਹੱਈਆ ਕਰਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਵੱਧ ਤੋਂ ਵੱਧ ਕਿਸਾਨਾਂ ਨੂੰ ਇਸ ਕੇਂਦਰ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਕਿਸਾਨ ਮਧੂ ਮੱਖੀ ਦੇ ਧੰਦੇ ਨਾਲ ਜੁੜ ਕੇ ਆਪਣੀ ਆਮਦਨ ਵਿਚ ਵਾਧਾ ਕਰ ਸਕਣ। ਇਸ ਤੋਂ ਪਹਿਲਾਂ ਉਨ੍ਹਾਂ ਨੇ ਏਕੀਕ੍ਰਿਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਦੇ ਡਿਪਟੀ ਡਾਇਰੈਕਟਰ ਡਾਕਟਰ ਸਤੇਂਦਰ ਯਾਦਵ, ਜ਼ਿਲ੍ਹਾ ਬਾਗਬਾਨੀ ਅਫਸਰ ਡਾਕਟਰ ਸਤਿਆ ਨਰਾਇਣ ਨੂੰ ਨਾਲ ਲੈ ਕੇ ਕੇਂਦਰ ਦਾ ਜਾਇਜ਼ਾ ਕੀਤਾ।ਉਨ੍ਹਾਂ ਮਧੂ ਮੱਖੀ ਪਾਲਕਾਂ ਵਲੋਂ ਰੱਖੇ ਸ਼ਹਿਦ ਦੇ ਕੋਲਡ ਸਟੋਰ, ਮਧੂ ਮੱਖੀ ਪਾਲਣ ਪ੍ਰੋਸੈਸਿੰਗ ਯੂਨਿਟ, ਮੋਮ ਸ਼ੀਟ ਯੂਨਿਟ, ਬਾਕਸ ਬਣਾਉਣ ਵਾਲੀ ਯੂਨਿਟ ਤੇ ਰਾਣੀ ਮੱਖੀ ਕਲੋਨੀ ਵਿਚ ਰੱਖੇ ਗਏ ਸ਼ਹਿਦ ਕੋਲਡ ਸਟੋਰ ਦਾ ਵੀ ਨਿਰੀਖਣ ਕੀਤਾ।

# ਜੀਐਮਐਸਐਚ-16 ਵਿੱਚ ਆਊਟਸੋਰਸ ਸਿਹਤ ਕਾਮਿਆਂ ਵੱਲੋਂ ਪ੍ਰਦਰਸ਼ਨ



**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ ਮੈਡੀਕਲ ਸੁਪਰਸਪੈਸ਼ਲਿਟੀ ਹਸਪਤਾਲ ਸੈਕਟਰ-16 ਦੇ ਕਾਮਿਆਂ ਵੱਲੋਂ ਅੱਜ ਆਪਣੀਆਂ ਤਨਖ਼ਾਹਾਂ ਨਾ ਮਿਲਣ ਕਰ ਕੇ ਹਸਪਤਾਲ ਦੇ ਪ੍ਰਬੰਧਕੀ ਬਲਾਕ ਅੱਗੇ ਪ੍ਰਦਰਸ਼ਨ ਕੀਤਾ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ। ਹਸਪਤਾਲ ਵਿੱਚ ਆਊਟਸੋਰਸਿੰਗ ਰਾਹੀਂ ਕੰਮ ਕਰ ਰਹੇ ਕਾਮਿਆਂ ਉੱਤੇ ਆਧਾਰਤ ਮੈਡੀਕਲ ਅਤੇ ਹੈਲਥਕੇਅਰ ਕੰਟਰੈਕਚੁਅਲ ਵਰਕਰਜ਼ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਰਾਹੁਲ ਦੱਤ ਸ਼ਰਮਾ, ਜਨਰਲ ਸਕੱਤਰ ਮਨੋਜ ਕੁਮਾਰ, ਪ੍ਰੈੱਸ ਸਕੱਤਰ ਸਿਮਰਨਜੀਤ ਸਿੰਘ, ਕੈਸ਼ੀਅਰ ਰਾਜ ਕੁਮਾਰ, ਹਰਦੀਪ ਅਤੇ ਦੀਪਕ ਆਦਿ ਨੇ ਦੱਸਿਆ ਕਿ ਕਾਮਿਆਂ ਨੂੰ ਦਸੰਬਰ ਅਤੇ ਜਨਵਰੀ ਦੀ ਤਨਖ਼ਾਹ ਨਹੀਂ ਮਿਲੀ ਹੈ ਜਿਸ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਦਾ ਪਾਲਣ ਪੋਸ਼ਣ ਔਖਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਡਿਪਟੀ ਮੈਡੀਕਲ ਸੁਪਰਡੈਂਟ ਦੀ ਹਾਜ਼ਰੀ ਵਿੱਚ ਹੋਈ ਪਿਛਲੀ ਮੀਟਿੰਗ ਵਿੱਚ ਭਰੋਸਾ ਮਿਲਿਆ ਸੀ ਕਿ ਤਨਖ਼ਾਹਾਂ ਜਲਦ ਤੋਂ ਜਲਦ ਦੇ ਦਿੱਤੀਆਂ ਜਾਣਗੀਆਂ ਪਰ ਹਾਲੇ ਤੱਕ ਤਨਖ਼ਾਹਾਂ ਰਿਲੀਜ਼ ਨਹੀਂ ਕੀਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਕਾਮਿਆਂ ਵੱਲੋਂ ਆਪਣੀਆਂ ਤਨਖ਼ਾਹਾਂ ਨੂੰ ਲੈ ਕੇ ਅੱਜ ਦਾ ਰੋਸ ਪ੍ਰਦਰਸ਼ਨ ਡਿਊਟੀਆਂ ਤੋਂ ਬਾਅਦ ਕੀਤਾ ਗਿਆ ਤਾਂ ਕਿ ਹਸਪਤਾਲ ਵਿੱਚ ਆਉਣ ਵਾਲੇ ਕਿਸੇ ਵੀ ਮਰੀਜ਼ ਨੂੰ ਕੋਈ ਪ੍ਰੇਸ਼ਾਨੀ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਤਨਖ਼ਾਹਾਂ ਰਿਲੀਜ਼ ਕਰਵਾਉਣ ਲਈ ਅੱਜ ਸ਼ੁਰੂ ਕੀਤਾ ਗਿਆ ਇਹ ਰੋਸ ਪ੍ਰਦਰਸ਼ਨ ਭਲਕੇ ਵੀ ਜਾਰੀ ਰੱਖਿਆ ਜਾਵੇਗਾ। ਪਰ ਜੇ ਫਿਰ ਵੀ ਤਨਖ਼ਾਹਾਂ ਰਿਲੀਜ਼ ਨਾ ਕੀਤੀਆਂ ਗਈਆਂ ਕਾਮੇ ਵੱਡਾ ਸੰਘਰਸ਼ ਛੇੜਨ ਲਈ ਮਜਬੂਰ ਹੋਣਗੇ। ਉਸ ਸੰਘਰਸ਼ ਦੌਰਾਨ ਸਿਰਫ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ ਬਾਕੀ ਸਭ ਜਗ੍ਹਾ ਕੰਮ ਬੰਦ ਕਰ ਦਿੱਤਾ ਜਾਵੇਗਾ।

# ‘ਆਪ’ ਦੇ ਯਤਨਾਂ ਨਾਲ ਸਰਕਾਰੀ ਸਕੂਲਾਂ ’ਚ ਦਾਖ਼ਲੇ ਵਧੇ: ਪ੍ਰਭਜੋਤ ਕੌਰ



**ਐਸ.ਏ.ਐਸ. ਨਗਰ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਪ੍ਰਭਜੋਤ ਕੌਰ ਨੇ ਅੱਜ ਇੱਥੇ ਸਰਕਾਰੀ ਹਾਈ ਸਕੂਲ ਫੇਜ਼-5 ਵਿੱਚ ਪੇਵਰ ਬਲਾਕ ਲਗਾਉਣ ਦਾ ਪ੍ਰਾਜੈਕਟ ਮੁਕੰਮਲ ਹੋਣ ’ਤੇ ਰਸਮੀ ਉਦਘਾਟਨ ਕੀਤਾ। ਇਸ ਕਾਰਜ ’ਤੇ ਡੀਪੀਸੀ ਫੰਡਾਂ ’ਚੋਂ 3.60 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਸੀ।ਪ੍ਰਭਜੋਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਬਚਪਨ ਇਸੇ ਖੇਤਰ ਵਿੱਚ ਬੀਤਿਆ ਹੈ, ਉਹ ਜਦੋਂ ਵੀ ਸਕੂਲ ਵਿੱਚ ਵੋਟ ਪਾਉਣ ਆਉਂਦੇ ਸਨ ਤਾਂ ਬੁਨਿਆਦੀ ਢਾਂਚੇ ਸਬੰਧੀ ਹਾਲਤ ਮਾੜੀ ਦੇਖ ਕੇ ਮਨ ਨੂੰ ਠੇਸ ਪਹੁੰਚਦੀ ਸੀ ਪਰ ਪਹਿਲਾਂ ਕਿਸੇ ਸਰਕਾਰ ਨੇ ਸਕੂਲ ਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਦੇ ਯਤਨਾਂ ਸਦਕਾ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ-ਦਰ ਵਧੀ ਹੈ। ਇਸ ਮੌਕੇ ਪ੍ਰਿੰਸੀਪਲ ਭਾਰਤ ਭੂਸ਼ਨ ਬੇਰੀ, ‘ਆਪ’ ਟਰੇਡ ਵਿੰਗ ਦੇ ਪ੍ਰਧਾਨ ਰਣਜੀਤਪਾਲ ਸਿੰਘ, ਮਹਿਲਾ ਵਿੰਗ ਦੀ ਸਕੱਤਰ ਸਵਰਨ ਲਤਾ, ਕਾਨੂੰਨੀ ਸੈੱਲ ਦੇ ਸਕੱਤਰ ਅਮਰਜੀਤ ਸਿੰਘ, ਘੱਟ ਗਿਣਤੀ ਵਿੰਗ ਦੇ ਪ੍ਰਧਾਨ ਅਨਵਰ ਅਲੀ, ਬਲਾਕ ਪ੍ਰਧਾਨ ਪ੍ਰਭਜੋਤ ਕੌਰ ਜਯੋਤੀ ਆਦਿ ਹਾਜ਼ਰ ਸਨ।

# ‘ਸਿਆਸੀ ਖੇਤੀ’: ਹੁਣ ਤਾਂ ਹਰ ਰਾਹ ਬੱਲ੍ਹੋ ਨੂੰ ਜਾਂਦੈ ..!



**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਆਸੀ ਨੇਤਾਵਾਂ ਦੇ ਗੇੜਿਆਂ ਤੋਂ ਇੰਜ ਜਾਪਦਾ ਹੈ ਕਿ ਜਿਵੇਂ ਹੁਣ ਹਰ ਰਾਹ ਹੀ ਪਿੰਡ ਬੱਲ੍ਹੋ ਨੂੰ ਜਾਂਦਾ ਹੋਵੇ। ਸ਼ਹਿਰਾਂ ਤੋਂ ਦੂਰ ਪੈਂਦੇ ਇਹ ਪਿੰਡ ਹਮੇਸ਼ਾ ਅਣਗੌਲਿਆ ਰਿਹਾ। ਖਨੌਰੀ ਬਾਰਡਰ ’ਤੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਸ਼ਹੀਦ ਹੋਣ ਮਗਰੋਂ ਇੱਥੇ ਹਰ ਛੋਟਾ ਵੱਡਾ ਨੇਤਾ ਪਹੁੰਚ ਰਿਹਾ ਹੈ। ਜ਼ਿੰਦਗੀ ਭਰ ਤੰਗੀ-ਤੁਰਸ਼ੀ ਨਾਲ ਘੁਲਣ ਵਾਲੇ ਸ਼ੁਭਕਰਨ ਦੇ ਪਰਿਵਾਰ ਦੀ ਕਦੇ ਕਿਸੇ ਨੇ ਬਾਂਹ ਨਹੀਂ ਫੜੀ ਸੀ। ਜਦੋਂ ਪਰਿਵਾਰ ਦਾ ਕਰਜ਼ ਇੱਕ ਮਰਜ਼ ਬਣ ਗਿਆ ਤਾਂ ਸ਼ੁਭਕਰਨ ਇਸ ਦੀ ਦਵਾ ਦਾਰੂ ਲੱਭਣ ਲਈ ਪਹਿਲਾਂ ਦਿੱਲੀ ਮੋਰਚੇ ’ਚ ਗਿਆ ਅਤੇ ਹੁਣ ਖਨੌਰੀ ਬਾਰਡਰ ’ਤੇ ਬੈਠ ਗਿਆ। ਸ਼ੁਭਕਰਨ ਦੇ ਘਰ ਦੇ ਵਿਹੜੇ ’ਚ ਪਹਿਲਾਂ ਕਦੇ ਬੈਂਕਾਂ ਵਾਲੇ ਅਤੇ ਕਦੇ ਸ਼ਾਹੂਕਾਰ ਗੇੜੇ ਮਾਰਦੇ ਸਨ। ਜਦੋਂ ਉਹ ਹੁਣ ‘ਖੇਤੀ ਸ਼ਹੀਦ’ ਬਣ ਗਿਆ ਤਾਂ ਉਸ ਦੇ ਘਰ ਰੋਜ਼ਾਨਾ ਕੋਈ ਨਾ ਕੋਈ ਨੇਤਾ ਬਹੁੜ ਰਿਹਾ ਹੈ। ਹਰ ਸਿਆਸੀ ਧਿਰ ਨੂੰ ਵੋਟਾਂ ਵਾਲਾ ਰਾਹ ਉਸ ਦੇ ਰਾਹ ਵਿੱਚੋਂ ਦਿੱਸਦਾ ਹੈ। ਸ਼ੁਭਕਰਨ ਦੀ ਮ੍ਰਿਤਕ ਦੇਹ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੇ ਮੁਰਦਘਾਟ ਵਿੱਚ ਪਈ ਹੈ ਜਦੋਂ ਕਿ ਸਿਆਸੀ ਨੇਤਾ ਉਸ ਦੇ ਘਰ ਅਫਸੋਸ ਜਤਾ ਰਹੇ ਹਨ। ਪਿੰਡ ਦੇ ਮੋਹਤਬਰਾਂ ਦਾ ਕਹਿਣਾ ਹੈ ਕਿ ਸਿਆਸੀ ਨੇਤਾ ਪਰਿਵਾਰ ਨਾਲ ਫੋਕਾ ਹੇਜ ਜਤਾ ਕੇ ਚਲੇ ਜਾਂਦੇ ਹਨ। ਕਿਸੇ ਨੇ ਹਮਦਰਦੀ ਵਿੱਚ ਕੋਈ ਵਿੱਤੀ ਮਦਦ ਨਹੀਂ ਕੀਤੀ।

ਪਿੰਡ ਬੱਲ੍ਹੋ ਦਾ ਜਸਵਿੰਦਰ ਸਿੰਘ ਆਖਦਾ ਹੈ ਕਿ ਪੰਜਾਬ ਦੀ ਛੋਟੀ ਕਿਸਾਨੀ ਦਾ ਦਰਦ ਸ਼ੁਭਕਰਨ ਦੇ ਘਰ ਵਿੱਚੋਂ ਦੇਖਿਆ ਜਾ ਸਕਦਾ ਹੈ। ਇਸ ਘਰ ਨੇ ਕਰਜ਼ਾ ਅਤੇ ਕਰਜ਼ੇ ’ਚ ਵਿਕੀ ਜ਼ਮੀਨ ਦਾ ਦਰਦ ਝੱਲਿਆ ਹੈ। ਪਰਿਵਾਰ ਵਾਲੇ ਆਖਦੇ ਹਨ ਕਿ ਸ਼ੁਭਕਰਨ ਤਾਂ ਇਹ ਸੋਚ ਖਨੌਰੀ ਬਾਰਡਰ ਚਲਾ ਗਿਆ ਕਿ ਪਿਉ ਦਾਦੇ ਦੇ ਚਾਰ ਸਿਆੜ ਬਚ ਜਾਣ। ਉਸ ਦੇ ਦੁੱਖਾਂ ਦੀ ਕਹਾਣੀ ਤਾਂ ਕਿਰਸਾਨੀ ਦੇ ਘਰ-ਘਰ ਦੀ ਕਹਾਣੀ ਜਾਪਦੀ ਹੈ। ਸ਼ੁਭਕਰਨ ਦਸ ਵਰ੍ਹਿਆਂ ਦਾ ਸੀ ਜਦੋਂ ਮਾਂ ਤੋਂ ਵਿਰਵਾ ਹੋ ਗਿਆ। 16 ਸਾਲ ਦੀ ਉਮਰ ਵਿੱਚ ਦਸਵੀਂ ਜਮਾਤ ਦੀ ਪੜ੍ਹਾਈ ਤੋਂ ਵਾਂਝਾ ਹੋਣਾ ਪਿਆ ਕਿਉਂਕਿ ਘਰ ਦੇ ਹਾਲਾਤ ਨੇ ਨਿਭਣ ਤੋਂ ਇਨਕਾਰ ਕਰ ਦਿੱਤਾ। ਪਿੰਡ ਦੇ ਲੋਕ ਦੱਸਦੇ ਹਨ ਕਿ ਹੁਣ ਸਿਆਸੀ ਆਗੂਆਂ ’ਚ ਆਪਣੇ ਆਪ ਨੂੰ ਵੱਡਾ ਹਮਦਰਦ ਕਹਾਉਣ ਦੀ ਦੌੜ ਲੱਗੀ ਹੋਈ ਹੈ। ਕਿਸਾਨ ਆਗੂ ਆਖਦੇ ਹਨ ਕਿ ਮਾਲਵਾ ਖ਼ਿੱਤੇ ਵਿਚ ਹਜ਼ਾਰਾਂ ਕਿਸਾਨ ਕਰਜ਼ੇ ਦੇ ਜਾਲ ਵਿੱਚ ਫਸ ਕੇ ਖੁਦਕੁਸ਼ੀਆਂ ਕਰ ਗਏ ਪਰ ਕੋਈ ਸਿਆਸੀ ਨੇਤਾ ਕਦੇ ਅਜਿਹੇ ਘਰਾਂ ਵਿਚ ਸੱਥਰ ’ਤੇ ਬੈਠਣ ਨਹੀਂ ਗਿਆ। ਹੁਣ ਜਦੋਂ ਲੋਕ ਸਭਾ ਚੋਣਾਂ ਸਿਰ ’ਤੇ ਹਨ ਤਾਂ ਸਿਆਸੀ ਆਗੂ ਆਪਣੇ ਘਰਾਂ ਵਿੱਚੋਂ ਬਾਹਰ ਨਿਕਲ ਆਏ ਹਨ। ਪੰਜਾਬ-ਹਰਿਆਣਾ ਬਾਰਡਰ ’ਤੇ ਕਿਸਾਨੀ ਅੰਦੋਲਨ ਦੌਰਾਨ ਫ਼ੌਤ ਹੋਏ ਸ਼ੁਭਕਰਨ ਸਿੰਘ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪਰਿਵਾਰ ਨੂੰ ਦਿਲਾਸਿਆਂ ਦੀ ਝੜੀ ਲਗਾ ਦਿੱਤੀ ਹੈ। ਪਿੰਡ ਬੱਲ੍ਹੋ ਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡ ਨੂੰ 20 ਕਿੱਲੋਮੀਟਰ ਤੱਕ ਕੋਈ ਸ਼ਹਿਰ ਨਹੀਂ ਪੈਂਦਾ, ਇਸ ਲਈ ਬਿਨਾਂ ਚੋਣਾਂ ਤੋਂ ਕੋਈ ਵੀ ਸਿਆਸੀ ਆਗੂ ਉਨ੍ਹਾਂ ਦੇ ਪਿੰਡ ਵਾਲਾ ਰਾਹ ਨਹੀਂ ਪਿਆ ਪਰ ਹੁਣ ਪਿੰਡ ਬੱਲ੍ਹੋ ਨੂੰ ਆਉਣ ਵਾਲੇ ਰਾਹ ’ਤੇ ਗੱਡੀਆਂ ਦੇ ਹੂਟਰ ਹੀ ਸੁਣਦੇ ਹਨ। ਪਿੰਡ ਵਾਸੀ ਬੂਟਾ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸ਼ੁਭਕਰਨ ਦੇ ਪਰਿਵਾਰ ਲਈ ਸਿਆਸੀ ਆਗੂ ਦਿਖਾਵੇ ਦਾ ਮੋਹ ਕਰ ਰਹੇ ਹਨ, ਜੇਕਰ ਸਿਆਸੀ ਪਾਰਟੀਆਂ ਦੇ ਆਗੂ ਮੋਹ ਕਰਦੇ ਤਾਂ ਕਿਸਾਨ ਖ਼ੁਦਕੁਸ਼ੀਆਂ ਨਾ ਕਰਦੇ ਅਤੇ ਨਾ ਹੀ ਕਿਸੇ ਦੇ ਨੌਜਵਾਨ ਪੁੱਤ ਛੋਟੀ ਉਮਰ ਕਿਸਾਨੀ ਅੰਦੋਲਨ ਵਿਚ ਸ਼ਹੀਦ ਹੁੰਦੇ। ਹੁਣ ਹਰ ਪਾਰਟੀ ਦੇ ਆਗੂ ਸ਼ੁਭਕਰਨ ਦੀ ਮੌਤ ’ਤੇ ਸਿਰਫ਼ ਸਿਆਸਤ ਕਰ ਰਹੇ ਹਨ।

# ਕੇਂਦਰ ਫੰਡ ਰੋਕ ਕੇ ਪੰਜਾਬ ਨਾਲ ਵਿਤਕਰਾ ਕਰ ਰਿਹੈ: ਈਟੀਓ

**ਮੋਗਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇਥੇ ਦੋਸ਼ ਲਾਇਆ ਕਿ ਕੇਂਦਰ ਸਰਕਾਰ 5500 ਕਰੋੜ ਰੁਪਏ ਆਰਡੀਐੱਫ ਫੰਡ ਰੋਕ ਕੇ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ। ਕੈਬਨਿਟ ਮੰਤਰੀ ਇਥੇ 45 ਕਰੋੜ ਰੁਪਏ ਦੀ ਲਾਗਤ ਨਾਲ 76 ਕਿਲੋਮੀਟਰ ਤੋਂ ਵਧੇਰੇ ਲੰਬਾਈ ਵਾਲੀਆਂ ਮੋਗਾ ਤੋਂ ਸਮਾਧ ਭਾਈ ਬਾਈਪਾਸ, ਕੋਟ ਈਸੇ ਖਾਂ ਤੋਂ ਗਾਲਿਬ ਕਲਾਂ, ਧਰਮਕੋਟ ਤੋਂ ਜੋਗੇਵਾਲਾ ਸੜਕ, ਮੋਗਾ ਬਾਈਪਾਸ ਤੋਂ ਮੋਗਾ ਹਰੀਕੇ ਸੜਕ ਦੀ ਮੁਰੰਮਤ ਲਈ ਚਾਰ ਨੀਂਹ ਪੱਥਰ ਰੱਖਣ ਲਈ ਪੁੱਜੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਾਵਰ ਸਰਪਲੱਸ ਸੂਬਾ ਬਣਾਉਣ ਲਈ ਨਵੇਂ ਸਿਰੇ ਤੋਂ ਸੋਲਰ ਸਮਝੌਤੇ ਕੀਤੇ ਜਾ ਰਹੇ ਹਨ ਜਿਸ ਤੋਂ ਬਾਅਦ ਪੰਜਾਬ ਦੂਜੇ ਸੂਬਿਆਂ ਨੂੰ ਬਿਜਲੀ ਵੇਚਿਆ ਕਰੇਗਾ। ਪਿਛਲੀਆਂ ਸਰਕਾਰਾਂ ਨੇ ਨਿੱਜੀ ਖੇਤਰ ਤੋਂ 18 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦੀ ਸੀ ਪਰ ‘ਆਪ’ ਸਰਕਾਰ ਨੇ 2.33 ਰੁਪਏ ਨਾਲ ਬਿਜਲੀ ਖਰੀਦੀ ਹੈ। ਜਦੋਂ ‘ਮਾਨ’ ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਪਾਵਰਕੌਮ 1880 ਕਰੋੜ ਰੁਪਏ ਦੇ ਘਾਟੇ ਵਿੱਚ ਸੀ ਪਰ ਹੁਣ 564 ਕਰੋੜ ਰੁਪਏ ਮੁਨਾਫ਼ੇ ਵਿਚ ਹੈ। ਝਾਰਖੰਡ ਵਿੱਚ ਪਿਛਲੇ 9 ਸਾਲ ਤੋਂ ਕੋਲੇ ਦੀ ਖਾਣ ਬੰਦ ਪਈ ਸੀ ਜਿਸ ਨੂੰ ‘ਆਪ’ ਸਰਕਾਰ ਵੱਲੋਂ ਮੁੜ ਸ਼ੁਰੂ ਕਰਨ ਨਾਲ ਪਾਵਰਕੌਮ ਨੂੰ 1200 ਕਰੋੜ ਦਾ ਲਾਭ ਹੋਇਆ ਹੈ।

# ਤਰਨਤਾਰਨ ਪੁਲਸ ਨੇ ਥਾਣਾ ਭਿੱਖੀਵਿੰਡ ਵਿਚ ਬੀਤੀ ਦਿਨ ਅੰਨੇ ਕਤਲ ਦੀ ਗੁੱਥੀ 4ਘੰਟਿਆ ਵਿਚ ਸੁਲਝਾਈ: ਐਸ ਐਸ ਪੀ ਕਪੂਰ



**ਤਰਨਤਾਰਨ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨਤਾਰਨ ਜਿਲਾ ਅੰਦਰ ਥਾਣਾ ਭਿੱਖੀਵਿੰਡ ਅੰਦਰ ਬੀਤੀ ਦੇਰ ਨੂੰ ਆਣਪਛਾਤੇ ਵਿਅਕਤੀਆ ਵੱਲੋ ਇਕ ਘਰ ਵਿਚ,ਦਾਖਲ ਹੋ ਕੇ ਤੇਜਧਾਰ ਹਥਿਆਰਾ ਨਾਲ ਹਮਲਾ ਕੁਟਮਾਰ ਕਰਦੇ ਹੋਏ ਅੰਨ ਦਸੀ ਜਗਾਹ ਉਪਰ ਲੈ ਕੇ ਗਾਏ ।ਜਦ ਦਿਨ ਚੜਦੇ ਹੀ ਘਰ ਕੁਝ ਮੀਟਰ ਦੂਰੀ ਤੋ ਖੇਤਾ ਵਿਚ ਲਾਸ ਮਿਲੀ ।

ਘਟਨਾ ਦੀ ਸੂਚਨਾ ਮਿਲਣ ਤੇ ਥਾਣਾ ਭਿੱਖੀਵਿੰਡ ਪੁਲਿਸ ਵੱਲੋ ਮਨਦੀਪ ਕੋਰ ਦੇ ਬਿਆਨਾ ਤੇ ਮਾਮਲਾ ਦਰਜ ਕਰ ਲਿਆ ਗਾਏ ।ਜਦ ਪੜਤਾਲ ਕਰਨ ਤੇ ਪਤਾ ਲਗਾ ਕਿ ਬਿਆਨ ਦਰਜ ਕਰਵਾਉਣ ਵਾਲੀ ਅਤੇ ਕੁਝ ਹੋਰ ਵਿਅਕਤੀਆ ਸਮੇਤ ਦੋਸੀ ਨਿਕਾਲੀ।

ਇਸ ਸੰਬਧੀ ਤਰਨਤਾਰਨ ਐਸ ਐਸ ਪੀ ਅਸਵਨੀ ਕਪੂਰ ਵੱਲੋ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਭਿੱਖੀਵਿੰਡ ਪੁਲਿਸ ਨੇ ਬੀਤੀ ਦੇਰ ਰਾਤ ਨੂੰ ਆਣਪਛਾਤੇ ਵਿਅਕਤੀਆ ਵੱਲੋ ਸਤਿਨਾਮ ਸਿੰਘ ਨੂੰ ਅਧੀ ਰਾਤ ਵੇਲੇ ਕੁਝ ਆਣਪਛਾਤੇ ਵਿਅਕਤੀਆ ਕੁਟ ਮਾਰ ਕਰਦੇ ਹੋਏ ਨਾਲ ਹੀ ਲੈ ਗਾਏ ਜਦ ਦਿਨ ਚੜਦੇ ਕੁਝ ਮੀਟਰ ਤੋ ਸਤਿਨਾਮ ਸਿੰਘ ਦੀ ਲਾਸ ਮਿਲਣ ਤੋ ਬਾਅਦ ਪੜਤਾਲ ਕਰਨ ਸਿਕਾਇਤ ਕਾਰਨ ਵਾਲੀ ਭਰਜਾਈ ਮਨਜੀਤ ਕੋਰ ਅਤੇ ਉਸ ਦਾ ਲੜਕਾ ਅਤੇ ਕੁਝ ਹੋਰ ਸਾਥੀਆ ਨਿਕਾਲੇ।

ਮੌਕੇ ਤੇ ਮਨਜੀਤ ਕੋਰ ਅਤੇ ਉਸ ਦਾ ਲੜਕਾ ਗਿਰਫ਼ਤਾਰ ਕਰ ਲਿਆ ਗਾਏ ਅਤੇ ਬਾਕੀ ਦੀ ਭਾਲ ਕੀਤੀ ਜਾ ਰਹੀ ।

# ਬੀਸੀ ਵਿੰਗ ਜ਼ਿਲ੍ਹਾ ਪਟਿਆਲਾ ਦਾ ਪ੍ਰਧਾਨ ਬਣਨ ’ਤੇ ਰਾਜਾ ਧੰਜੂ ਦਾ ਸਨਮਾਨ



**ਦੇਵੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਕੰਬੋਜ ਭਾਈਚਾਰੇ ਨੂੰ ਪਾਰਟੀ ਨਾਲ ਜੋੜਨ ਲਈ ਰਾਜਿੰਦਰ ਸਿੰਘ ਰਾਜਾ ਧੰਜੂ ਸਰੁਸਤੀਗੜ੍ਹ ਨੂੰ ਜ਼ਿਲ੍ਹਾ ਪਟਿਆਲਾ ਦਾ ਬੀ.ਸੀ. ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਰਾਜਾ ਧੰਜੂ ਨੇ ਸ਼ੁਰੂ ਤੋਂ ਹੀ ਆਮ ਆਦਮੀ ਪਾਰਟੀ ਦੇ ਵਿਸਤਾਰ ਲਈ ਦਿਨ ਰਾਤ ਕੰਮ ਕੀਤਾ ਹੈ।

ਇਸ ਮੌਕੇ ਪਿੰਡ ਸਰੁੱਸਤੀਗੜ੍ਹ ਦੀ ਪੰਚਾਇਤ ਅਤੇ ਇਲਾਕੇ ਦੇ ਆਗੂਆਂ ਵੱਲੋਂ ਰਾਜਾ ਧੰਜੂ ਦੇ ਘਰ ਪਹੁੰਚ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਅੱਗੇ ਵੀ ਉਹ ਦਿਨ ਰਾਤ ਪਾਰਟੀ ਦੀ ਹੋਰ ਮਜਬੂਤੀ ਲਈ ਕੰਮ ਕਰਦੇ ਰਹਿਣਗੇ।

# ਕੌਮਾਂਤਰੀ ਹਵਾਈ ਅੱਡਾ ਹਲਵਾਰਾ 32 ਮਾਰਚ ਤੱਕ ਮੁਕੰਮਲ ਕਰਨ ਦਾ ਦਾਅਵਾ



**ਗੁਰੂਸਰ ਸੁਧਾਰ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲੈਣ ਬਾਅਦ ਅਧਿਕਾਰੀਆਂ ਦੀ ਮੀਟਿੰਗ ਵਿੱਚ ਕੌਮਾਂਤਰੀ ਹਵਾਈ ਅੱਡੇ ਦਾ ਕੰਮ 32 ਮਾਰਚ ਤੱਕ ਹਰ ਹੀਲੇ ਮੁਕੰਮਲ ਕਰਨ ਦੀ ਹਦਾਇਤ ਕੀਤੀ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਹਵਾਈ ਅੱਡੇ ਦੇ ਨਿਰਮਾਣ 32 ਮਾਰਚ ਤੱਕ ਹਰ ਹੀਲੇ ਪੂਰਾ ਕਰ ਲਿਆ ਜਾਵੇਗਾ। ਉਡਾਣਾਂ ਸ਼ੁਰੂ ਹੋਣ ਬਾਰੇ ਉਨ੍ਹਾਂ ਕਿਹਾ ਕਿ ਕੁਝ ਛੋਟੇ-ਮੋਟੇ ਤਕਨੀਕੀ ਅੜਿੱਕੇ ਦੂਰ ਕਰਨ ਬਾਅਦ ਉਡਾਣਾਂ ਵੀ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਹਵਾਈ ਅੱਡਾ ਸ਼ੁਰੂ ਹੋਣ ਬਾਅਦ ਲੁਧਿਆਣਾ ਦੇ ਸਨਅਤੀ ਖੇਤਰ ਨੂੰ ਹੁਲਾਰਾ ਮਿਲੇਗਾ ਅਤੇ ਸੈਰ ਸਪਾਟਾ ਸਨਅਤ ’ਚ ਰੌਣਕ ਆਵੇਗੀ।

# ਕੁਲਦੀਪ ਕੁਮਾਰ ਨੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦਾ ਅਹੁਦਾ ਸੰਭਾਲਿਆ



**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕੁਲਦੀਪ ਕੁਮਾਰ ਨੇ ਅੱਜ ਇਥੇ ਨਗਰ ਨਿਗਮ ਦਫ਼ਤਰ ਵਿਖੇ ਚੰਡੀਗੜ੍ਹ ਦੇ ਮੇਅਰ ਵਜੋਂ ਅਹੁਦਾ ਸੰਭਾਲ ਲਿਆ ਹੈ। ‘ਆਪ’ ਆਗੂ ਦਾ ਢੋਲ ਦੀ ਗੂੰਜ ਨਾਲ ਸਵਾਗਤ ਕੀਤਾ ਗਿਆ।

ਇਸ ਮੌਕੇ ‘ਆਪ’ ਅਤੇ ਕਾਂਗਰਸ ਦੇ ਸਾਰੇ ਸੀਨੀਅਰ ਆਗੂ ਹਾਜ਼ਰ ਸਨ। ਇਸ ਦੌਰਾਨ ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਅਤੇ ਨਿਰਮਲਾ ਦੇਵੀ ਨੇ ਕ੍ਰਮਵਾਰ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਅਹੁਦਿਆਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। 4 ਮਾਰਚ ਨੂੰ ਹੋਣ ਵਾਲੀ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ ਮੇਅਰ ਪ੍ਰੀਜ਼ਾਈਡਿੰਗ ਅਫ਼ਸਰ ਹੋਣਗੇ।

# ਸਾਹਿਤ ਸਭਾ ਮਾਛੀਵਾੜਾ ਦੀ ਸਾਹਿਤਕ ਮੀਟਿੰਗ ਹੋਈ



**ਮਾਛੀਵਾੜਾ ਸਾਹਿਬ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਤ ਸਭਾ ਮਾਛੀਵਾੜਾ ਦੀ ਮਾਸਿਕ ਇਕੱਤਰਤਾ ਇੱਥੇ ਦੇ ਸਰਕਾਰੀ ਸੀਨੀ: ਸੈਕੰ: ਸਕੂਲ ਵਿਖੇ ਸਭਾ ਦੇ ਪ੍ਰਧਾਨ ਟੀ. ਲੋਚਨ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਇੱਕ ਸੋ ?ਕ ਮਤੇ ਤੇ ਰਾਹੀਂ ਸਭਾ ਦੇ ਮੋਢੀ ਮੈਂਬਰ ਅਤੇ ਸਾਬਕਾ ਪ੍ਰਧਾਨ ਕਥਾਕਾਰ ਸੁਖਜੀਤ ਦੀ ਮੌਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਨਛੱਤਰ ਸਿੰਘ ਨੇ ਕਲੀ ਅਤੇ ਕਸ਼ਮੀਰ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਸੰਬੰਧੀ ਕਵੀਸ਼ਰੀ ਛੰਦ ਪੇਸ਼ ਕੀਤਾ। ਦੋਵੇਂ ਰਚਨਾਵਾਂ ਨੂੰ ਭਰਵਾ ਹੁੰਗਾਰਾ ਮਿਲਿਆ।

ਇਸ ਉਪਰੰਤ ਲੇਖਕ ਰਘਬੀਰ ਸਿੰਘ ਭਰਤ ਨੇ ਲੇਖ, ’ ਮੇਰੇ ਗੀਤਾਂ ਦੀ ਦੁਨੀਆਂ’ ਪੜ੍ਹ ਕੇ ਸੁਣਾਇਆ । ਲੇਖ ਦੀ ਕਾਫੀ ਤਾਰੀਫ ਹੋਈ। ਫਿਰ ਸ਼ਾਇਰ ਮਲਕੀਤ ਸਿੰਘ ਨੇ ਗਜਲ ’ ਸੰਝ ਸਵੇਰ ਦੁਪਹਿਰ ਰਾਤ ਕੀ ਜਦ ਪਰਛਾਵੇਂ ਢਲਦੇ ਨੇ, ਦਿਲ ਦੀ ਸਰਦਲ ਉੱਤੇ ਹਰਦਮ ਯਾਦ ਦੇ ਦੀਵੇ ਬਲਦੇ ਨੇ’ ਸੁਣਾਈ। ਗਜਲ ਦੀ ਤਰੀਫ ਹੋਈ।

ਇਸ ਉਪਰੰਤ ਸ਼ਾਇਰ ਨਿਰੰਜਨ ਸੂਖਮ ਨੇ ਆਪਣੀ ਗ਼ਜ਼ਲ ’ ਕਲ ਕਲ ਵਗਦਾ ਪਾਣੀ ਜਲ ਥਲ ਕਰ ਜਾਂਦਾ ਹੈ, ਸਬਰ ਪਿਆਲਾ ਦਰਿਆ ਦਾ ਜਦ ਭਰ ਜਾਂਦਾ ਹੈ’ ਸੁਣਾਈ । ਗ਼ਜ਼ਲ ਨੂੰ ਭਰਪੂਰ ਦਾਦ ਮਿਲੀ । ਇਸ ਤੋਂ ਬਾਅਦ ਸ਼ਾਇਰ ਟੀ. ਲੋਚਨ ਨੇ ਗ਼ਜ਼ਲ ’ ਭਾਵੇਂ ਜੀਵਨ ਖੁਸ਼ੀਓਂ ਖਾਲੀ ਕਰਿਆ ਹੈ, ਪਰ ਜੀਵਨ ਵਿੱਚ ਰੰਗ ਅਨੋਖ ਭਰਿਆ ਹੈ’ ਸੁਣਾਈ। ਗ਼ਜ਼ਲ ਨੂੰ ਵਾਹਵਾ ਦਾਦ ਮਿਲੀ। ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ ’ਤੇ ਉਸਾਰੂ ਬਹਿਸ ਵਿੱਚ ਹਾਜ਼ਰ ਸਾਹਿਤਕਾਰਾਂ ਨੇ ਭਾਗ ਲਿਆ । ਇਸ ਇਕੱਤਰਤਾ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਨਿਰੰਜਨ ਸੂਖਮ ਕੀਤਾ,ਅੰਤ ਵਿੱਚ ਪ੍ਰਧਾਨ ਟੀ.ਲੋਚਨ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਸਾਹਿਤ ਵਿਗਿਆਨ ਕੇਂਦਰ ਵੱਲੋਂ ਕਵੀ ਦਰਬਾਰ



**ਐਸ.ਏ.ਐਸ. ਨਗਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਤ ਵਿਗਿਆਨ ਕੇਂਦਰ ਦੀ ਇਕੱਤਰਤਾ ਮੁਹਾਲੀ ਦੇ ਫੇਜ਼ ਤਿੰਨ ਦੇ ਖਾਲਸਾ ਕਾਲਜ ਵਿਚ ਡਾ.ਮੇਹਰ ਮਾਣਕ ਦੀ ਪ੍ਰਧਾਨਗੀ ਹੇਠ ਹੋਈ। ਮੁਖ ਮਹਿਮਾਨ ਵਜੋਂ ਕਵਿਤਰੀ ਸੁਰਜੀਤ ਕੌਰ ਬੈਂਸ ਸ਼ਾਮਲ ਹੋਏ। ਇਸ ਮੌਕੇ ਕਵੀਆਂ ਨੇ ਬਸੰਤ ਰੁੱਤ ਨਾਲ ਸਬੰਧਤ ਰਚਨਾਵਾਂ ਸੁਣਾਈਆਂ।

ਸੁਰਜੀਤ ਸਿੰਘ ਧੀਰ ਵੱਲੋਂ ਬਸੰਤ ਰੁੱਤ ਬਾਰੇ ਸ਼ਬਦ ਗਾਉਣ ਨਾਲ ਸਮਾਰੋਹ ਆਰੰਭ ਹੋਇਆ। ਇਸ ਮਗਰੋਂ ਡਾ. ਨਜੀਤ ਸਿੰਘ ਮਝੈਲ, ਰਾਜਵਿੰਦਰ ਸਿੰਘ ਗੱਡੂ, ਦਰਸ਼ਨ ਤਿਊਣਾ, ਬਲਵਿੰਦਰ ਸਿੰਘ ਢਿੱਲੋਂ, ਧਿਆਨ ਸਿੰਘ ਕਾਹਲੋਂ, ਸੁਖਵੀਰ ਸਿੰਘ, ਦਵਿੰਦਰ ਕੌਰ ਢਿਲੋਂ ਨੇ ਆਪਣੇ ਗੀਤਾਂ ਰਾਹੀਂ ਬਸੰਤ ਰੁੱਤ ਬਾਰੇ ਵਿਖਿਆਨ ਕੀਤਾ। ਗੁਰਦਰਸ਼ਨ ਸਿੰਘ ਮਾਵੀ, ਨਰਿੰਦਰ ਕੌਰ ਲੌਂਗੀਆ, ਤੇਜਾ ਸਿੰਘ ਥੂਹਾ, ਬਹਾਦਰ ਸਿੰਘ ਗੋਸਲ, ਜਸਪਾਲ ਸਿੰਘ ਕੰਵਲ, ਸਾਗਰ ਸਿੰਘ ਭੂਰੀਆ ਨੇ ਬਸੰਤ ਦੀਆਂ ਕਵਿਤਾਵਾਂ ਰਾਹੀਂ ਰੰਗ ਬੰਨ੍ਹਿਆ।

ਪ੍ਰਿੰਸੀਪਲ ਓਪੀ ਵਰਮਾ, ਗੁਰਨਾਮ ਕੰਵਰ, ਬਲਵਿੰਦਰ ਚਾਹਲ, ਸਾਹਿਬਜੀਤ ਸਿੰਘ, ਬਾਬੂ ਰਾਮ ਦੀਵਾਨਾ, ਭੁਪਿੰਦਰ ਬੇਕਸ ਨੇ ਕਵਿਤਾਵਾਂ, ਗ਼ਜ਼ਲਾਂ ਦੁਆਰਾ ਸਮਾਜਿਕ ਤਾਣੇ-ਬਾਣੇ ਦੀ ਗੱਲ ਕੀਤੀ। ਮੁੱਖ ਮਹਿਮਾਨ ਸੁਰਜੀਤ ਬੈਂਸ ਨੇ ਕਿਹਾ ਕਿ ਅੱਜ ਰੂਹ ਦੀਆਂ ਗੱਲਾਂ ਹੋਈਆਂ ਹਨ ਜੋ ਸਤਿ-ਸੰਗ ਵਾਂਗ ਹੈ।

ਪ੍ਰਧਾਨਗੀ ਭਾਸ਼ਨ ਵਿਚ ਡਾ. ਮਾਣਕ ਨੇ ਕਿਹਾ ਕਿ ਅਸਲੀ ਸਾਹਿਤਕਾਰ ਨੇ ਲੋਕਾਂ ਦਾ ਪੱਖ ਪੂਰਨਾ ਹੁੰਦਾ ਹੈ।

# ਗੈਂਗਸਟਰ ਸੁੱਖਾ ਬਾੜੇਵਾਲੀਆ ਕਤਲ ਕਾਂਡ ਦੇ ਮੁੱਖ ਗਵਾਹ ਦੀ ਹੱਤਿਆ




**ਲੁਧਿਆਣਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਹੰਬੜਾਂ ਰੋਡ ਸਥਿਤ ਪੰਜ ਪੀਰ ਰੋਡ ਕੋਲ ਗੈਂਗਸਟਰ ਸੁੱਖਾ ਬਾੜੇਵਾਲੀਆ ਕਤਲ ਕਾਂਡ ਦੇ ਮੁੱਖ ਗਵਾਹ ਸੂਰਜ ਪ੍ਰਕਾਸ਼ ਉਰਫ਼ ਬੱਬੂ ਦੀ ਹੱਤਿਆ ਕਰ ਦਿੱਤੀ ਗਈ ਜਦੋਂ ਕਿ ਉਸ ਦੇ ਸਾਥੀ ਗੁਰਪ੍ਰੀਤ ਦੇ ਵੀ ਗੋਲੀਆਂ ਲੱਗੀਆਂ ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਇੱਥੋਂ ਦੇ ਠੇਕੇ ’ਤੇ ਨੌਜਵਾਨਾਂ ਨੇ ਹੀ ਦੋਹਾਂ ਨੂੰ ਗੱਲ ਕਰਨ ਲਈ ਸੱਦਿਆ ਸੀ। ਇਸ ਦੌਰਾਨ ਉਨ੍ਹਾਂ ਦੀ ਬਹਿਸ ਹੋ ਗਈ ਤਾਂ ਨੌਜਵਾਨਾਂ ਨੇ ਦੋਹਾਂ ’ਤੇ ਗੋਲੀਆਂ ਚਲਾ ਦਿੱਤੀਆਂ।

ਜਾਣਕਾਰੀ ਅਨੁਸਾਰ ਮਈ 2023 ’ਚ ਹੈਬੋਵਾਲ ਇਲਾਕੇ ’ਚ ਰੋਹਿਤ ਮਲਹੋਤਰਾ ਉਰਫ਼ ਈਸ਼ੂ ਦੇ ਘਰ ਗੈਂਗਸਟਰ ਸੁਖਪ੍ਰੀਤ ਸਿੰਘ ਉਰਫ਼ ਸੁੱਖਾ ਬਾੜੇਵਾਲੀਆ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਉਸ ਮਾਮਲੇ ’ਚ ਬੱਬੂ ਮੁੱਖ ਗਵਾਹ ਸੀ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਨੇ ਇਸ ਕਤਲ ਕਾਂਡ ਨੂੰ ਅੰਜਾਮ ਦਿੱਤਾ ਹੈ, ਉਹ ਵੀ ਰੋਹਿਤ ਮਲਹੋਤਰਾ ਉਰਫ਼ ਈਸ਼ੂ ਅਤੇ ਗੋਪਾਲ ਮਹਾਜਨ ਦੇ ਸਾਥੀ ਹਨ। ਪੁਲੀਸ ਨੇ ਇਸ ਮਾਮਲੇ ’ਚ ਬਾੜੇਵਾਲ ਵਾਸੀ ਵਿੱਕੀ, ਕਾਲਾ, ਬਵਨ, ਜਗਤਪੁਰੀ ਵਾਸੀ ਡੇਵਿਡ ਅਤੇ ਪ੍ਰਤਾਪ ਸਿੰਘ ਵਾਲਾ ਵਾਸੀ ਹਰਦੀਪ ਸਿੰਘ ਉਰਫ਼ ਘੁੱਗੂ ਸਣੇ ਹੋਰਨਾਂ ਖਿਲਾਫ਼ ਕਤਲ, ਕਤਲ ਦੀ ਕੋਸ਼ਿਸ਼, ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।

ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੁਝ ਨੌਜਵਾਨਾਂ ਦੀ ਬੱਬੂ ਅਤੇ ਗੁਰਪ੍ਰੀਤ ਨਾਲ ਕੁਝ ਦਿਨ ਪਹਿਲਾਂ ਬਹਿਸ ਹੋਈ ਸੀ। ਇਨ੍ਹਾਂ ਨੌਜਵਾਨਾਂ ਨੇ ਦੇਰ ਰਾਤ ਨੂੰ ਸੂਰਜ ਤੇ ਗੁਰਪ੍ਰੀਤ ਨੂੰ ਠੇਕੇ ਬਾਹਰ ਸੱਦਿਆ ਸੀ ਤਾਂ ਕਿ ਮਸਲਾ ਹੱਲ ਕੀਤਾ ਜਾ ਸਕੇ। ਇਸ ਦੌਰਾਨ ਬਹਿਸ ਹੋ ਗਈ ਅਤੇ ਨੌਜਵਾਨਾਂ ਨੇ ਗੋਲੀਆਂ ਚਲਾ ਦਿੱਤੀਆਂ।

?ਇੱਥੋਂ ਦੇ ਇਕ ਢਾਬੇ ’ਤੇ ਪੰਜਾਬੀ ਫਿਲਮਾਂ ਦੇ ਸੰਗੀਤਕਾਰ ਤੇ ਮਰਹੂਮ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਬੰਟੀ ਬੈਂਸ ’ਤੇ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ ਪਰ ਇਸ ਹਮਲੇ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਢਾਬੇ ਤੋਂ ਚਲਾ ਗਿਆ ਸੀ। ਹਮਲੇ ਤੋਂ ਬਾਅਦ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਹ ਧਮਕੀ ਲੱਕੀ ਪਟਿਆਲ ਗਰੁੱਪ ਵਲੋਂ ਦਿੱਤੀ ਗਈ ਹੈ ਜਿਸ ਨੇ ਬੰਟੀ ਬੈਂਸ ਤੋਂ ਇਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ। ਬੰਟੀ ਬੈਂਸ ਨੇ ਇਸ ਮਾਮਲੇ ਦੀ ਸ਼ਿਕਾਇਤ ਪੁਲੀਸ ਨੂੰ ਕੀਤੀ ਹੈ। ਪੁਲੀਸ ਨੇ ਸੀਸੀਟੀਵੀ ਕੈਮਰਿਆਂ ਨਾਲ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਬੰਟੀ ਬੈਂਸ ਸੈਕਟਰ-79 ਦੇ ਢਾਬੇ ’ਤੇ ਬੀਤੀ ਰਾਤ ਗਿਆ ਸੀ ਤੇ ਉਹ ਸੋਸ਼ਲ ਮੀਡੀਆ ’ਤੇ ਲਾਈਵ ਵੀ ਹੋਇਆ ਸੀ। ਇਸ ਤੋਂ ਬਾਅਦ ਇਕ ਮੋਟਰਸਾਈਕਲ ’ਤੇ ਤਿੰਨ ਨੌਜਵਾਨ ਆਏ ਜਿਨ੍ਹਾਂ ਵਿਚੋਂ ਇਕ ਮੋਟਰਸਾਈਕਲ ’ਤੇ ਹੀ ਖੜ੍ਹਾ ਰਿਹਾ ਜਦਕਿ ਉਸ ਦੇ ਦੋ ਸਾਥੀ ਰਾਤ ਇਕ ਵਜੇ ਦੇ ਕਰੀਬ ਢਾਬੇ ਸਾਹਮਣੇ ਗਏ ਤੇ ਗੋਲੀਆਂ ਚਲਾਈਆਂ। ਬੰਟੀ ਬੈਂਸ ਨੇ ‘ਟ੍ਰਿਬਿਊਨ ਸਮੂਹ’ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਨੂੰ ਬੀਤੇ ਕਈ ਦਿਨਾਂ ਤੋਂ ਫਿਰੌਤੀ ਲਈ ਫੋਨ ਆ ਰਹੇ ਸਨ। ਉਹ ਕੁਝ ਸਮਾਂ ਪਹਿਲਾਂ ਹੀ ਇਸ ਢਾਬੇ ਵਿਚੋਂ ਚਲਾ ਗਿਆ ਸੀ ਕਿ ਢਾਬੇ ’ਤੇ ਗੋਲੀਆਂ ਚਲਾਉਣ ਦੀ ਖਬਰ ਮਿਲੀ। ਬੰਟੀ ਨੇ ਦੱਸਿਆ ਕਿ ਉਸ ਨੂੰ ਗੋਲੀਆਂ ਚਲਾਉਣ ਤੋਂ ਬਾਅਦ ਇਕ ਕਾਲ ਆਈ ਜਿਸ ਨੇ ਲੱਕੀ ਪਟਿਆਲ ਗੈਂਗ ਦਾ ਮੈਂਬਰ ਦੱਸਦਿਆਂ ਇਕ ਕਰੋੜ ਰੁਪਏ ਦੀ ਫਿਰੌਤੀ ਮੰਗੀ। ਉਸ ਨੇ ਦੱਸਿਆ ਕਿ ਜਿਸ ਢਾਬੇ ’ਤੇ ਗੋਲੀਆਂ ਚਲਾਈਆਂ ਗਈਆਂ, ਇਹ ਢਾਬਾ ਉਸ ਦੇ ਘਰ ਦੇ ਨੇੜੇ ਹੈ ਤੇ ਉਹ ਅਕਸਰ ਇੱਥੇ ਆਉਂਦਾ ਜਾਂਦਾ ਹੈ। ਡੀਐੱਸਪੀ ਸਿਟੀ-2 ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਪੁਲੀਸ ਨੇ ਮੌਕੇ ਤੋਂ ਗੋਲੀਆਂ ਦੇ ਚਾਰ ਖੋਲ ਬਰਾਮਦ ਕੀਤੇ ਹਨ।

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਬੰਟੀ ਬੈਂਸ ਤੇ ਢਾਬੇ ਦੇ ਮਾਲਕ ਪਰਮਿੰਦਰ ਸਿੰਘ ਕਟਾਣੀ ਨੇ ਪੁਲੀਸ ਨੂੰ ਕੋਈ ਸ਼ਿਕਾਇਤ ਨਹੀਂ ਦਿੱਤੀ। ਇਸ ਮਾਮਲੇ ਦਾ ਪਤਾ ਘਟਨਾ ਤੋਂ ਅਗਲੇ ਦਿਨ ਸਵੇਰ ਵੇਲੇ ਲੱਗਿਆ ਜਦੋਂ ਸਟਾਫ ਆਇਆ ਤਾਂ ਢਾਬੇ ਦਾ ਸ਼ੀਸ਼ਾ ਟੁੱਟਿਆ ਦੇਖ ਕੇ ਸੀਸੀਟੀਵੀ ਫੁਟੇਜ ਖੰਘਾਲੀ। ਇਹ ਗੋਲੀਆਂ ਉਦੋਂ ਚਲਾਈਆਂ ਗਈਆਂ ਜਦੋਂ ਹੋਟਲ ਦਾ ਸਾਰਾ ਸਟਾਫ ਛੁੱਟੀ ਕਰ ਕੇ ਚਲਾ ਗਿਆ ਸੀ।

# ਅਨੰਦ ਕਾਰਜ ਤੋਂ ਬਾਅਦ ਜੈ ਮਾਲਾ ਪਾਉਣ ਮੌਕੇ ਲਾੜੀ ਦੀ ਮੌਤ



**ਫਾਜ਼ਿਲਕਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਪਿੰਡ ਸਵਾਹਵਾਲਾ ਵਿਚ ਵਿਆਹ ਵਾਲੇ ਘਰ ਦੀਆਂ ਖੁਸ਼ੀਆਂ ਉਸ ਸਮੇਂ ਮਾਤਮ ਵਿਚ ਬਦਲ ਗਈਆਂ ਜਦੋਂ ਗੁਰਦੁਆਰੇ ਵਿੱਚ ਲਾਵਾਂ ਦੀ ਰਸਮ ਉਪਰੰਤ ਸ਼ਗਨ ਲਈ ਸਟੇਜ ’ਤੇ ਜਾਂਦੀ ਦੁਲਹਨ ਦੀ ਮੌਤ ਹੋ ਗਈ ਜਿਸ ਦੀ ਪਛਾਣ 23 ਸਾਲਾ ਨੀਲਮ ਰਾਣੀ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਬੀਤੀ 26 ਫਰਵਰੀ ਨੂੰ ਨੀਲਮ ਰਾਣੀ ਪੁੱਤਰੀ ਜੈ ਚੰਦ ਬੱਟੀ ਵਾਸੀ ਪਿੰਡ ਸਵਾਹਵਾਲਾ ਦਾ ਵਿਆਹ ਨੇੜਲੇ ਪਿੰਡ ਵਸਨ ਮੋਹਨ ਦੇ ਵਾਸੀ ਮਹਿੰਦਰ ਕੁਮਾਰ ਥਿੰਦ ਦੇ ਪੁੱਤਰ ਗੁਰਪ੍ਰੀਤ ਨਾਲ ਹੋਣਾ ਤੈਅ ਹੋਇਆ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਜੰਞ ਆਉਣ ਤੋਂ ਬਾਅਦ ਨੀਲਮ ਰਾਣੀ ਅਤੇ ਗੁਰਪ੍ਰੀਤ ਸਿੰਘ ਦੇ ਗੁਰਦੁਆਰੇ ਵਿੱਚ ਲਾਵਾਂ ਕਰਵਾਈਆਂ ਗਈਆਂ ਸਨ ਜਿਸ ਤੋਂ ਬਾਅਦ ਜਦੋਂ ਜੈ ਮਾਲਾ ਦੀ ਰਸਮ ਅਦਾ ਕਰਨ ਲਈ ਉਹ ਸਟੇਜ ’ਤੇ ਜਾ ਰਹੀ ਸੀ ਤਾਂ ਘਬਰਾਹਟ ਹੋਣ ਦੀ ਸ਼ਿਕਾਇਤ ਕੀਤੀ। ਨੀਲਮ ਦਾ ਚੈਕਅੱਪ ਕਰਨ ਲਈ ਪਿੰਡ ਦੇ ਡਾਕਟਰ ਨੂੰ ਬੁਲਾਇਆ ਗਿਆ ਪਰ ਸਿਹਤ ’ਚ ਸੁਧਾਰ ਨਾ ਜਾਣਕਾਰੀ ਅਨੁਸਾਰ ਬੀਤੀ 26 ਫਰਵਰੀ ਨੂੰ ਨੀਲਮ ਰਾਣੀ ਪੁੱਤਰੀ ਜੈ ਚੰਦ ਬੱਟੀ ਵਾਸੀ ਪਿੰਡ ਸਵਾਹਵਾਲਾ ਦਾ ਵਿਆਹ ਨੇੜਲੇ ਪਿੰਡ ਵਸਨ ਮੋਹਨ ਦੇ ਵਾਸੀ ਮਹਿੰਦਰ ਕੁਮਾਰ ਥਿੰਦ ਦੇ ਪੁੱਤਰ ਗੁਰਪ੍ਰੀਤ ਨਾਲ ਹੋਣਾ ਤੈਅ ਹੋਇਆ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਜੰਞ ਆਉਣ ਤੋਂ ਬਾਅਦ ਨੀਲਮ ਰਾਣੀ ਅਤੇ ਗੁਰਪ੍ਰੀਤ ਸਿੰਘ ਦੇ ਗੁਰਦੁਆਰੇ ਵਿੱਚ ਲਾਵਾਂ ਕਰਵਾਈਆਂ ਗਈਆਂ ਸਨ ਜਿਸ ਤੋਂ ਬਾਅਦ ਹੋਣ ਕਾਰਨ ਉਸ ਨੂੰ ਜਲਾਲਾਬਾਦ ਦੇ ਨਿੱਜੀ ਹਸਪਤਾਲ ’ਚ ਲਿਜਾਇਆ ਗਿਆ ਜਿੱਥੇ ਚੈੱਕਅਪ ਅਤੇ ਦਵਾਈ ਲੈਣ ਤੋਂ ਬਾਅਦ ਘਰ ਪਰਤਣ ਦੇ ਕੁਝ ਮਿੰਟਾਂ ਵਿਚ ਹੀ ਉਸ ਦੀ ਮੌਤ ਹੋ ਗਈ। ਨੀਲਮ ਰਾਣੀ ਦਾ ਸਸਕਾਰ ਕਰ ਦਿੱਤਾ ਗਿਆ ਹੈ।

# 15,000 ਰੁਪਏ ਰਿਸ਼ਵਤ ਮੰਗਣ ਵਾਲਾ ਕਾਨੂੰਗੋ ਵਿਜੀਲੈਂਸ ਬਿਊਰੋ ਵੱਲੋਂ ਕਾਬੂ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਦਾਖਾ ਵਿਖੇ ਤਾਇਨਾਤ ਰਿਹਾ ਇੱਕ ਪਟਵਾਰੀ ਜਸਬੀਰ ਸਿੰਘ, ਜੋ ਹੁਣ ਕਾਨੂੰਗੋ ਹੈ ਅਤੇ ਉਸ ਦੇ ਸਹਾਇਕ ਵਜੋਂ ਕੰਮ ਕਰਦੇ ਇੱਕ ਪ੍ਰਾਈਵੇਟ ਵਿਅਕਤੀ ਗੁਰਪ੍ਰੀਤ ਸਿੰਘ ਵਿਰੁੱਧ 15,000 ਰੁਪਏ ਰਿਸ਼ਵਤ ਦੀ ਮੰਗਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਜਸਵੀਰ ਸਿੰਘ ਕਾਨੂੰਗੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸਦੇ ਕਰਿੰਦੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਪਿੰਡ ਛਪਾਰ, ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਹਰਨੇਕ ਸਿੰਘ ਸੇਖੋਂ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ ’ਤੇ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਉਕਤ ਦੋਵੇਂ ਮੁਲਜ਼ਮਾਂ ਨੇ ਉਸ ਦੀ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਰਿਸ਼ਵਤ ਵਜੋਂ 20,000 ਰੁਪਏ ਮੰਗੇ ਸਨ। ਪੜਤਾਲ ਦੌਰਾਨ ਪਤਾ ਲੱਗਾ ਕਿ ਪਟਵਾਰੀ ਦੇ ਕਰਿੰਦੇ ਗੁਰਪ੍ਰੀਤ ਸਿੰਘ ਨੇ 20,000 ਰੁਪਏ ਦੀ ਮੰਗ ਕੀਤੀ ਸੀ ਪਰ ਜਦੋਂ ਸ਼ਿਕਾਇਤਕਰਤਾ ਨੇ ਪਟਵਾਰੀ ਨਾਲ ਗੱਲ ਕੀਤੀ ਤਾਂ ਉਸ ਨੇ ਰਿਸ਼ਵਤ ਦੀ ਰਕਮ ਘਟਾ ਕੇ 15,000 ਰੁਪਏ ਕਰ ਦਿੱਤੀ।

ਸ਼ਿਕਾਇਤਕਰਤਾ ਨੇ ਆਪਣੀ, ਗੁਰਪ੍ਰੀਤ ਸਿੰਘ ਅਤੇ ਪਟਵਾਰੀ ਜਸਵੀਰ ਸਿੰਘ ਦਰਮਿਆਨ ਹੋਈ ਸਾਰੀ ਗੱਲਬਾਤ ਨੂੰ ਆਪਣੇ ਮੋਬਾਈਲ ਫੋਨ ‘ਚ ਰਿਕਾਰਡ ਕਰ ਲਿਆ ਅਤੇ ਬਿਓਰੋ ਨੂੰ ਸਬੂਤ ਵਜੋਂ ਸੌਂਪ ਦਿੱਤੀ। ਸ਼ਿਕਾਇਤਕਰਤਾ ਨੇ ਸ਼ਿਕਾਇਤ ਦਰਜ ਕਰਵਾਉਣ ਤੋਂ ਪਹਿਲਾਂ ਪਟਵਾਰੀ ਅਤੇ ਉਸ ਦੇ ਕਰਿੰਦੇ ਗੁਰਪ੍ਰੀਤ ਸਿੰਘ ਵੱਲੋਂ ਰਿਸ਼ਵਤ ਦੀ ਮੰਗ ਕਰਨ ਸਬੰਧੀ ਗੱਲਬਾਤ ਦੀ ਰਿਕਾਰਡਿੰਗ ਸੋਸ਼ਲ ਮੀਡੀਆ ’ਤੇ ਵੀ ਵਾਇਰਲ ਕਰ ਦਿੱਤੀ ਸੀ ਤਾਂ ਜੋ ਵਿਭਾਗ ਵੱਲੋਂ ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ ਪਰ ਅਜੇ ਤੱਕ ਇਸ ਸਬੰਧੀ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ।

ਬੁਲਾਰੇ ਨੇ ਦੱਸਿਆ ਕਿ ਇਸ ਤੋਂ ਬਾਅਦ ਸ਼ਿਕਾਇਤਕਰਤਾ ਨੇ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ’ਤੇ ਇਹ ਸ਼ਿਕਾਇਤ ਦਰਜ ਕਰਵਾਈ। ਇਸ ਕੇਸ ਦੀ ਜਾਂਚ ਦੌਰਾਨ, ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਵੱਲੋਂ ਫੋਰੈਂਸਿਕ ਸਾਇੰਸ ਲੈਬਾਰਟਰੀ (ਐਫ.ਐਸ.ਐਲ.) ਤੋਂ ਸ਼ੱਕੀ ਅਤੇ ਸ਼ਿਕਾਇਤਕਰਤਾ ਦੋਵਾਂ ਦੀ ਆਵਾਜ਼ ਦੀ ਰਿਕਾਰਡਿੰਗ ਦੀ ਤੁਲਨਾ ਕੀਤੀ ਗਈ, ਜੋ ਮੇਲ ਖਾਂਦੀ ਪਾਈ ਗਈ ਅਤੇ ਸ਼ਿਕਾਇਤ ਵਿੱਚ ਲਾਏ ਦੋਸ਼ ਸਹੀ ਸਾਬਤ ਹੋਏ। ਇਸ ਤਫਤੀਸ਼ ਦੇ ਆਧਾਰ ’ਤੇ ਕਾਨੂੰਗੋ ਅਤੇ ਉਸ ਦੇ ਕਰਿੰਦੇ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਮਿਤੀ 27.02. 2024 ਨੂੰ ਐਫ.ਆਈ.ਆਰ. ਨੰ. 09 ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਜਸਵੀਰ ਸਿੰਘ ਕਾਨੂੰਗੋ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਜਾਂਚ ਦੌਰਾਨ ਹੋਰ ਅਧਿਕਾਰੀਆਂ/ਕਰਮਚਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

## ਚੰਡੀਗੜ੍ਹ 'ਚ ਜਲਦੀ ਖੁੱਲ੍ਹ ਰਿਹੈ ਸੈਂਸਰ ਬੋਰਡ ਦਾ ਖੇਤਰੀ ਦਫ਼ਤਰ

# ਫ਼ਿਲਮ ਨਿਰਮਾਤਾਵਾਂ ਨੂੰ ਸੈਂਸਰ ਸਰਟੀਫ਼ਿਕੇਟ ਲੈਣ ਲਈ ਦਿੱਲੀ ਤੇ ਮੁੰਬਈ ਜਾਣ ਦੀ ਲੋੜ ਨਹੀਂ ਪਵੇਗੀ



ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨਾਲ ਮੁਲਾਕਾਤ ਕਰਦਾ ਹੋਇਆ ਪਫ਼ਟਾ ਦਾ ਵਫ਼ਦ।

**ਮੁਹਾਲੀ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਫ਼ਿਲਮ ਨਿਰਮਾਤਾਵਾਂ ਨੂੰ ਹੁਣ ਇਨ੍ਹਾਂ ਖੇਤਰਾਂ ਵਿੱਚ ਬਣਨ ਵਾਲੀਆਂ ਫ਼ਿਲਮਾਂ ਦੇ ਸੈਂਸਰ ਸਰਟੀਫ਼ਿਕੇਟ ਲੈਣ ਲਈ ਦਿੱਲੀ ਅਤੇ ਮੁੰਬਈ ਨਹੀਂ ਜਾਣਾ ਪਵੇਗਾ। ਕੇਂਦਰ ਸਰਕਾਰ ਵੱਲੋਂ ਜਲਦੀ ਹੀ ਚੰਡੀਗੜ੍ਹ ਵਿਖੇ ਰਿਜਨਲ ਫੈਸਿਲੀਟੇਸ਼ਨ (ਫ਼ਿਲਮ ਸੈਂਸਰ ਬੋਰਡ) ਦਾ ਦਫ਼ਤਰ ਖੋਲ੍ਹਿਆ ਜਾ ਰਿਹਾ ਹੈ। ਇਹ ਦਾਅਵਾ ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ (ਪਫ਼ਟਾ) ਵੱਲੋਂ ਕੀਤਾ ਗਿਆ।

ਫ਼ਿਲਮੀ ਅਦਾਕਾਰ ਬਿੰਨੂ ਢਿੱਲੋਂ ਦੀ ਅਗਵਾਈ ਹੇਠ ਮੁਹਾਲੀ ਵਿੱਚ ਹੋਈ ਮੀਟਿੰਗ ਦੌਰਾਨ ਕਲਾਕਾਰਾਂ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ, ਕੇਂਦਰੀ ਕਾਨੂੰਨ ਮੰਤਰੀ ਅਰਜੁਨ ਮੇਘਵਾਲ ਅਤੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਨੁਰਾਗ ਠਾਕੁਰ ਨੇ ਇਸ ਸਬੰਧੀ ਬਾਕਾਇਦਾ ਤੌਰ 'ਤੇ ਐਲਾਨ ਕਰ ਦਿੱਤਾ ਹੈ। ਪਫ਼ਟਾ ਨੇ ਦੱਸਿਆ ਕਿ ਚੰਡੀਗੜ੍ਹ ਵਿਖੇ ਸੈਂਸਰ ਬੋਰਡ ਦਾ ਖੇਤਰੀ ਦਫ਼ਤਰ ਖੁਲ੍ਹਵਾਉਣ ਲਈ ਕਾਫੀ ਸਮੇਂ ਤੋਂ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਬਿੰਨੂ ਢਿੱਲੋਂ ਦੀ ਅਗਵਾਈ ਹੇਠ ਗੁਰਪ੍ਰੀਤ ਘੁੱਗੀ, ਸ਼ਿਵੰਦਰ ਮਾਹਲ, ਦੇਵ ਖਰੌੜ, ਮਲਕੀਤ ਰੌਣੀ, ਰੌਸ਼ਨ ਪ੍ਰਿੰਸ, ਮਨੀ ਔਜਲਾ, ਜੱਗੀ ਧੂਰੀ, ਸਰਬ ਪ੍ਰਿਯ ਅੱਤਰੀ ਦੀ ਅਗਵਾਈ ਹੇਠ ਵਫ਼ਦ ਨੇ ਕੇਂਦਰੀ ਮੰਤਰੀਆਂ ਨਾਲ ਮੁਲਾਕਾਤ ਕਰਕੇ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਸੀ। ਇਸ ਦੌਰਾਨ ਪਫ਼ਟਾ ਵੱਲੋਂ ਪੰਜਾਬੀ ਫ਼ਿਲਮਾਂ ਅਤੇ ਸਿਨੇਮਾ ਨਾਲ ਸਬੰਧਤ ਹੋਰ ਮੁਸ਼ਕਿਲਾਂ ਦੇ ਹੱਲ ਲਈ ਰਾਜ ਅਤੇ ਕੇਂਦਰ ਸਰਕਾਰ ਨਾਲ ਲਗਾਤਾਰ ਸੰਪਰਕ ਕਰਨ ਦਾ ਅਹਿਦ ਵੀ ਲਿਆ ਗਿਆ।

## ਮੈਂ ਭਾਜਪਾ ਵਿੱਚ ਹੀ ਹਾਂ: ਪ੍ਰਨੀਤ ਕੌਰ

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਦੀ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਨੇ ਭਾਜਪਾ ਵਿੱਚ ਸ਼ਾਮਲ ਹੋਣ ਨੂੰ ਲੈ ਕੇ ਲੰਮੇ ਸਮੇਂ ਤੋਂ ਧਾਰੀ ਚੁੱਪ ਤੋੜਦਿਆਂ ਕਿਹਾ ਕਿ ਉਹ ਹਾਲੇ ਅਧਿਕਾਰਤ ਤੌਰ 'ਤੇ ਭਾਜਪਾ ਵਿਚ ਸ਼ਾਮਲ ਨਹੀਂ ਹੋਏ ਪਰ ਅਣਅਧਿਕਾਰਤ ਤੌਰ 'ਤੇ ਉਹ ਭਾਜਪਾ ਵਿੱਚ ਹੀ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਹ ਛੇਤੀ ਅਧਿਕਾਰਤ ਤੌਰ 'ਤੇ ਭਾਜਪਾ ਪਾਰਟੀ ਵਿੱਚ ਸ਼ਾਮਲ ਹੋ ਜਾਣਗੇ। ਉਨ੍ਹਾਂ ਕਿਹਾ ਕਿ ਇਸ ਵਾਰ ਦੇਸ਼ ਵਿੱਚ ਮੁੜ ਭਾਜਪਾ ਦੀ ਸਰਕਾਰ ਬਣੇਗੀ। ਹਲਕਾ ਡੇਰਾਬੱਸੀ ਤੋਂ ਭਾਜਪਾ ਆਗੂ ਸੰਜੀਵ ਖੰਨਾ ਦੇ ਚੰਡੀਗੜ੍ਹ-ਅੰਬਾਲਾ ਮਾਰਗ 'ਤੇ ਹੋਟਲ ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪ੍ਰਨੀਤ ਕੌਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਪਰਿਵਾਰ ਸ਼ੁਰੂ ਤੋਂ ਹੀ ਕਿਸਾਨਾਂ ਨਾਲ ਡਟ ਕੇ ਖੜ੍ਹਾ ਹੈ ਤੇ ਉਹ ਹੁਣ ਵੀ ਕਿਸਾਨਾਂ ਨਾਲ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਕਿਸਾਨੀ ਮਸਲਾ ਛੇਤੀ ਹੀ ਹੱਲ ਹੋ ਜਾਵੇਗਾ।

## ਪੰਜਾਬੀ ਯੂਨੀਵਰਸਿਟੀ ਚੋਣਾਂ: ਬਾਗੜੀਆਂ ਟੀਮ ਦੀ ਹੂੰਝਾ ਫੇਰ ਜਿੱਤ

# ਨਾਨ-ਟੀਚਿੰਗ ਕਰਮਚਾਰੀ ਸੰਘ ਦੇ ਦੂਜੀ ਵਾਰ ਪ੍ਰਧਾਨ ਬਣੇ ਰਾਜਿੰਦਰ ਸਿੰਘ

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਨਾਨ ਟੀਚਿੰਗ ਕਰਮਚਾਰੀ ਸੰਘ ਦੀਆਂ ਅੱਜ ਹੋਈਆਂ ਸਾਲਾਨਾ ਚੋਣਾਂ ਵਿੱਚ ਮੌਜੂਦਾ ਪ੍ਰਧਾਨ ਰਾਜਿੰਦਰ ਸਿੰਘ ਬਾਗੜੀਆਂ ਦੀ ਸਮੁੱਚੀ ਹੀ ਟੀਮ ਨੇ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ। ਇਸ ਦੌਰਾਨ ਚੋਖੇ ਬਹੁਮੱਤ ਨਾਲ ਰਾਜਿੰਦਰ ਸਿੰਘ ਬਾਗੜੀਆਂ ਲਗਾਤਾਰ ਦੂਜੀ ਵਾਰ ਪ੍ਰਧਾਨ ਚੁਣੇ ਗਏ ਹਨ ਜਿਨ੍ਹਾਂ ਦਾ ਉਨ੍ਹਾਂ ਦੀ ਸਹਿਯੋਗੀ ਮੁਲਾਜ਼ਮ ਜਥੇਬੰਦੀ ਦੇ ਆਗੂ ਡਾ. ਜਤਿੰਦਰ ਸਿੰਘ ਮੱਟੂ ਸਮੇਤ ਹੋਰਨਾ ਨੇ ਵੀ ਭਰਵਾਂ ਸਵਾਗਤ ਕੀਤਾ।

ਅੱਜ ਸ਼ਾਮੀ ਆਏ ਨਤੀਜਿਆਂ ਦੌਰਾਨ ਜਿੱਥੇ ਪ੍ਰਧਾਨ ਦੇ ਅਹੁਦੇ ਦੀ ਚੋਣ ਲੜੇ ਰਾਜਿੰਦਰ ਸਿੰਘ ਬਾਗੜੀਆਂ ਲਗਾਤਾਰ ਦੂਜੀ ਵਾਰ ਨਾਨ ਟੀਚਿੰਗ ਕਰਮਚਾਰੀ ਸੰਘ ਦੇ ਪ੍ਰਧਾਨ ਚੁਣੇ ਗਏ, ਉੱਥੇ ਹੀ ਉਨ੍ਹਾਂ ਦੀ ਟੀਮ ਵੱਲੋਂ ਚੋਣ ਲੜੇ ਸਾਰੇ ਹੀ ਅਹੁਦੇਦਾਰ ਵੀ ਜੇਤੂ ਹੋ ਕੇ ਨਿਕਲੇ ਹਨ। ਇਨ੍ਹਾਂ ਜੇਤੂਆਂ ਵਿੱਚ ਮੀਤ ਪ੍ਰਧਾਨ ਪ੍ਰਕਾਸ਼ ਸਿੰਘ ਧਾਲੀਵਾਲ, ਜਨਰਲ ਸਕੱਤਰ ਅਮਰਜੀਤ ਕੌਰ, ਸਕੱਤਰ ਗੁਰਪ੍ਰੀਤ ਸਿੰਘ ਜੋਨੀ, ਸਹਾਇਕ ਸਕੱਤਰ ਤੇਜਿੰਦਰ ਸਿੰਘ, ਪ੍ਰਚਾਰ ਸਕੱਤਰ ਉਂਕਾਰ ਸਿੰਘ ਤੇ ਖਜ਼ਾਨਚੀ ਨਵਦੀਪ ਸਿੰਘ ਦੇ ਨਾਮ ਸ਼ਾਮਲ ਹਨ। ਇਸੇ ਤਰ੍ਹਾਂ ਕਰਮਚਾਰੀ ਸੰਘ ਦੀ ਕਾਰਜਕਾਰਨੀ ਦੇ ਮੈਂਬਰਾਂ ਵਜੋਂ ਚੋਣ ਜਿੱਤਣ ਵਾਲਿਆਂ 'ਚ ਸੰਦੀਪ ਕੁਮਾਰ, ਲੱਖੀ ਰਾਮ, ਕਰਨੈਲ ਸਿੰਘ, ਸੰਦੀਪ ਕੁਮਾਰ ਤੇ ਗੁਰਪਿਆਰ ਸਿੰਘ ਦੇ ਨਾਮ ਸ਼ਾਮਲ ਹਨ। ਜ਼ਿਕਰਯੋਗ ਹੈ ਕਿ 'ਸਾਂਝਾ ਕਰਮਚਾਰੀ ਫਰੰਟ (ਅੰਬੇਦਕਰ) ਦੇ ਕਨਵੀਨਰ ਡਾ. ਜਤਿੰਦਰ ਸਿੰਘ ਮੱਟੂ ਨੇ ਚੋਣਾ ਤੋਂ ਕੁਝ ਦਿਨ ਪਹਿਲਾਂ ਹੀ ਬਾਗੜੀਆਂ ਧੜੇ ਨੂੰ ਹਮਾਇਤ ਦੇ ਦਿੱਤੀ ਸੀ ਜਿਸ ਦੇ ਚੱਲਦਿਆਂ ਹੀ ਅੱਜ ਜਤਿੰਦਰ ਮੱਟੂ ਤੇ ਸਾਥੀਆਂ ਨੇ ਵੀ ਬਾਗੜੀਆਂ ਤੇ ਟੀਮ ਦੀ ਜਿੱਤ 'ਤੇ ਤਸੱਲੀ ਜ਼ਾਹਰ ਕਰਦਿਆਂ ਪ੍ਰਧਾਨ ਸਮੇਤ ਬਾਕੀ ਅਹੁਦੇਦਾਰ ਨੂੰ ਵੀ ਹਾਰ ਪਹਿਨਾ ਕੇ ਸਨਮਾਨਤ ਕੀਤਾ। ਇਸੇ ਦੌਰਾਨ ਨਤੀਜੇ ਮਗਰੋਂ ਪ੍ਰਧਾਨ ਰਾਜਿੰਦਰ ਸਿੰਘ ਬਾਗੜੀਆ ਨੇ ਸਮੂਹ ਮੁਲਾਜ਼ਮਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੇ ਹਰ ਮਸਲੇ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਉਹ ਤਾਂ ਪਹਿਲਾਂ ਹੀ ਮੁਲਾਜ਼ਮਾਂ ਦੇ ਕੰਮਾਂ ਲਈ ਦਿਨ ਰਾਤ ਇਕ ਕਰਦੇ ਰਹੇ ਹਨ ਪਰ ਜਿਵੇਂ ਐਤਕੀ ਮੁਲਾਜ਼ਮਾਂ ਨੇ ਉਸ ਨੂੰ ਹੋਰ ਵੀ ਵਡੇਰਾ ਮਾਣ ਬਖ਼ਸ਼ਿਆ ਹੈ, ਉਸ ਦੇ ਚੱਲਦਿਆਂ ਉਹ ਹੋਰ ਵੀ ਵਧ ਚੜ੍ਹ ਕੇ ਮੁਲਾਜ਼ਮਾਂ ਦੇ ਹਿਤਾਂ ਲਈ ਸਰਗਰਮ ਰਹਿਣਗੇ। ਇਸ ਮੌਕੇ ਹੀ ਸਮੁੱਚੀ ਟੀਮ ਵੱਲੋਂ ਮੀਤ ਪ੍ਰਧਾਨ ਪ੍ਰਕਾਸ਼ ਸਿੰਘ ਧਾਲ਼ੀਵਾਲ਼ ਨੇ ਵੀ ਸਮੁੱਚੇ ਮੁਲਾਜਮ ਵਰਗ ਦਾ ਧੰਨਵਾਦ ਕੀਤਾ। ਇਸ ਮੌਕੇ ਸਮੁੱਚੀ ਟੀਮ ਨੇ ਧਾਰਮਿਕ ਅਸਥਾਨਾ 'ਤੇ ਮੱਥਾ ਟੇਕਿਆ। ਇਇਸ ਮੌਕੇ ਡਾਕਟਰ ਜਤਿੰਦਰ ਸਿੰਘ ਮੱਟੂ, ਮਨੋਜ ਕੁਮਾਰ ਭਾਬਰੀ, ਕੰਵਲਦੀਪ ਸਿੰਘ, ਸੁਖਵਿੰਦਰ ਸੁੱਖੀ, ਜਤਿੰਦਰਪਾਲ ਸਿੰਘ, ਹਰਦਾਸ ਸਿੰਘ, ਮੁਹੰਮਦ ਜ਼ਹੀਰ, ਮਨਦੀਪ ਸਿੰਘ ਤੇ ਹੋਰ ਕਰਮਚਾਰੀ ਵੀ ਮੌਜੂਦ ਰਹੇ।



ਪ੍ਰਧਾਨ ਰਾਜਿੰਦਰ ਬਾਗੜੀਆਂ ਅਤੇ ਟੀਮ ਦਾ ਸਵਾਗਤ ਕਰਦੇ ਹੋਏ ਜਤਿੰਦਰ ਮੱਟੂ ਅਤੇ ਹੋਰ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

# ਕਿਸੇ ਸਿਆਸੀ ਪਾਰਟੀ ਨੇ ਬਹਾਵਲਪੁਰੀਆਂ ਦਾ ਭਲਾ ਨਹੀਂ ਕੀਤਾ: ਕਟਾਰੀਆ



ਇੱਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਬਹਾਵਲਪੁਰੀ ਸਮਾਜ ਦੇ ਆਗੂ।

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਐਸਡੀਕੇਐਸ ਭਵਨ ਵਿੱਚ ਭਾਰਤੀ ਬਹਾਵਲਪੁਰ ਮਹਾਸੰਘ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ ਜਿਸ ਦੀ ਅਗਵਾਈ ਰਾਸ਼ਟਰੀ ਪ੍ਰਧਾਨ ਗਿਆਨ ਚੰਦ ਕਟਾਰੀਆ ਨੇ ਕੀਤੀ। ਸ੍ਰੀ ਕਟਾਰੀਆ ਨੇ ਕਿਹਾ ਕਿ ਜੇਕਰ ਬਹਾਵਲਪੁਰ ਸਮਾਜ ਦੇ ਕਿਸੇ ਆਗੂ ਨੂੰ ਕਿਸੇ ਪਾਰਟੀ ਵੱਲੋਂ ਟਿਕਟ ਨਾ ਦਿੱਤੀ ਗਈ ਤਾਂ ਉਹ ਆਪਣਾ ਉਮੀਦਵਾਰ ਖੜ੍ਹਾ ਕਰਨਗੇ ਕਿਉਂਕਿ ਪਟਿਆਲਾ ਲੋਕ ਸਭਾ ਵਿੱਚ ਬਹਾਵਲਪੁਰ ਸਮਾਜ ਦੀ 3 ਲੱਖ ਵੋਟ ਮੌਜੂਦ ਹੈ।

ਉਨ੍ਹਾਂ ਕਿਹਾ ਕਿ ਜਦ ਤੋਂ ਦੇਸ਼ ਆਜ਼ਾਦ ਹੋਇਆ ਹੈ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੇ ਨਾਲ ਜੁੜੇ ਹੋਏ ਬਹਾਵਲਪੁਰੀ ਕਾਰਕੁਨਾਂ ਦਾ ਖ਼ੂਬ ਇਸਤੇਮਾਲ ਕੀਤਾ ਅਤੇ ਬਦਲੇ ਵਿੱਚ ਕਦੀ ਵੀ ਬਹਾਵਲਪੁਰ ਸਮਾਜ ਨੂੰ ਕੋਈ ਫ਼ਾਇਦਾ ਨਹੀਂ ਦਿੱਤਾ। ਸ੍ਰੀ ਕਟਾਰੀਆ ਨੇ ਕਿਹਾ ਕਿ ਜੇਕਰ ਬਹਾਵਲਪੁਰੀ ਸਮਾਜ ਦੇ ਕਿਸੇ ਬੰਦੇ ਨੂੰ ਕੋਈ ਰਾਜਨੀਤਿਕ ਪਾਰਟੀ ਆਪਣੀ ਟਿਕਟ ਦੇ ਦਿੰਦੀ ਹੈ ਤਾਂ ਪੂਰਾ ਸਮਾਜ ਇੱਕਜੁੱਟ ਹੋ ਕੇ ਉਸ ਬੰਦੇ ਨੂੰ ਜਿਤਾਉਣਗੇ। ਮੀਟਿੰਗ ਵਿਚ ਰਾਜਪੁਰਾ ਤੋਂ ਪ੍ਰਦੀਪ ਕੁਮਾਰ ਨੰਦਾ, ਪਟਿਆਲਾ ਤੋਂ ਕੁੰਦਨ ਗੋਗੀਆ, ਯਸ਼ਪਾਲ ਕੱਕੜ, ਅਸ਼ੋਕ ਸਚਦੇਵਾ, ਸੁਰੇਸ਼ ਕਾਮਰਾ, ਸੋਨੂੰ ਵਧਵਾ ਤੇ ਸਮਾਣਾ ਤੋਂ ਰਾਜ ਕੁਮਾਰ ਸਚਦੇਵਾ ਆਦਿ ਹਾਜ਼ਰ ਸਨ।

## ਵੋਟਰ ਜਾਗਰੂਕਤਾ ਲਈ ਕੀਤੀਆਂ ਸਵੀਪ ਗਤੀਵਿਧੀਆਂ




ਵੋਟਰ ਜਾਗਰੂਕਤਾ ਲਈ ਕੀਤੀਆ ਸਵੀਪ ਗਤੀਵਿਧੀਆਂ ਕਰਦੇ ਸਿਹਤ ਸਟਾਫ

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਚੋਣ ਕਮਿਸ਼ਨ ਦੀਆਂ ਹਦਾਇਤਾ ਤੇ ਜਿਲ੍ਹਾ ਸਿਹਤ ਵਿਭਾਗ ਦੀ ਸਵੀਪ ਸੈਲ ਦੀ ਟੀਮ ਵੱਲੋਂ ਆਪ ਕੀ ਸਰਕਾਰ, ਆਪ ਕੇ ਦੁਆਰ ਪ੍ਰੋਗਰਾਮ ਤਹਿਤ ਗਾਂਧੀ ਨਗਰ ਏਰੀਏ ਵਿੱਚ ਲਗਾਏ ਕੈਂਪ ਵਿੱਚ ਲੋਕਾਂ ਨੂੰ ਆਉਣ ਵਾਲੀਆ ਲੋਕ ਸਭਾ ਚੋਣਾਂ ਵਿੱਚ 100 ਫੀਸਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਜਾਗਰੂਕ ਕੀਤਾ ਗਿਆ।

ਕੈਂਪ ਵਿੱਚ ਆਏ ਲੋਕਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਜਾਗਰੂਕ ਕਰਦੇ ਡਿਪਟੀ ਮਾਸ ਮੀਡਿਆ ਅਫਸਰ ਜਸਜੀਤ ਕੋਰ ਨੇਂ ਕਿਹਾ ਕਿ ਭਾਰਤ ਇੱਕ ਲੋਕਤੰਤਰੀ ਦੇਸ਼ ਹੈ।ਜਿਸ ਵਿੱਚ ਹਰ ਵੋਟਰ ਨੂੰ ਵੋਟ ਪਾ ਕੇ ਆਪਣੀ ਪਸੰਦ ਦਾ ਉਮੀਦਵਾਰ ਚੁੱਣ ਕੇ ਸਰਕਾਰ ਬਣਾਉਣ ਦਾ ਅਧਿਕਾਰ ਹੈ।ਇਸ ਲਈ ਸਭ ਤੋਂ ਪਹਿਲਾਂ 18 ਸਾਲ ਦੀ ਉਮਰ ਦੇ ਸਾਰੇ ਵਿਅਕਤੀਆਂ ਨੂੰ ਆਪਣੀ ਵੋਟ ਬਣਵਾਉਣੀ ਚਾਹੀਦੀ ਹੈ।ਉਹਨਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿਚ ਵੋਟਰਾਂ ਦੀ 100 ਪ੍ਰਤੀਸ਼ਤ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇ।ਵੋਟ ਦੇ ਅਧਿਕਾਰ ਦੀ ਵਰਤੋ ਬਿਨਾਂ ਕਿਸੇ ਲਾਲਚ, ਜਾਤ ਪਾਤ ਜਾਂ ਭੇਦ ਭਾਵ ਤੋਂ ਉੱਪਰ ਉੱਠ ਕੇ ਕੀਤੀ ਜਾਵੇ। ਵੋਟਾਂ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਵੋਟਰ ਹੈਲਪਲਾਈਨ ਅਤੇ ਟੋਲ ਫ੍ਰੀ ਨੰਬਰ 1950 ਬਾਰੇ ਜਾਣਕਾਰੀ ਵੀ ਦਿੱਤੀ ਗਈ।ਇਸ ਮੌਕੇ ਮੈਡੀਕਲ ਅਫਸਰ ਡਾ. ਪੂਜਾ, ਡਾ. ਕ੍ਰਿਸ਼ਟੀ, ਐਲ. ਐਚ.ਵੀ ਮੈਡਮ ਅਨੀਤਾ, ਏ.ਐਨ.ਐਮ ਅਤੇ ਆਸ਼ਾ ਵਰਕਰ ਵੀ ਹਾਜਰ ਸਨ।

## ਪੰਜਾਬ ਸਰਕਾਰ ਵੱਲੋਂ ਹੰਸ ਫਾਊਂਡੇਸ਼ਨ ਨਾਲ ਸਮਝੌਤਾ ਸਹੀਬੱਧ: 10 ਸਰਕਾਰੀ ਹਸਪਤਾਲਾਂ ਵਿੱਚ ਮਿਲਣਗੀਆਂ ਮੁਫ਼ਤ ਡਾਇਲਸਿਸ ਸਹੂਲਤਾਂ

# ਸ਼ੁਰੂਆਤੀ ਤੌਰ 'ਤੇ ਫਾਂਉਂਡੇਸ਼ਨ ਵੱਲੋਂ ਸਰਕਾਰੀ ਸਿਹਤ ਸਹੂਲ ਤਾਂ 'ਚ ਡਾਇਲਸਿਸ ਸੈਂਟਰ ਸਥਾਪਿਤ ਕੀਤੇ ਜਾਣਗੇ: ਸਿਹਤ ਮੰਤਰੀ ਡਾ. ਬਲਬੀਰ ਸਿੰਘ



**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਦੀਆਂ ਸਿਹਤ ਸੰਭਾਲ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਦੇ ਮੰਤਵ ਲਈ ਗਤੀਸ਼ੀਲ ਭਾਈਵਾਲੀ ਵੱਲ ਕਦਮ ਵਧਾਉਂਦਿਆਂ, ਸੂਬੇ ਦੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਡਾਇਲਸਿਸ ਸੁਵਿਧਾ ਪ੍ਰਦਾਨ ਕਰਨ ਵਾਸਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ. ਸੀ.) ਨੇ ਹੰਸ ਫਾਊਂਡੇਸ਼ਨ ਦੇਹਰਾਦੂਨ ਨਾਲ ਸਮਝੌਤਾ ਸਹੀਬੱਧ ਕੀਤਾ।

ਅੱਜ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਡਾਇਲਸਿਸ ਪ੍ਰੋਗਰਾਮ ਦੇ ਨੋਡਲ ਅਫ਼ਸਰ ਡਾ. ਰੁਪਿੰਦਰ ਸਿੰਘ ਗਿੱਲ ਅਤੇ ਹੰਸ ਫਾਉਂਡੇਸ਼ਨ ਦੇ ਗਰੁੱਪ ਸੀਨੀਅਰ ਮੈਨੇਜਰ ਸੀਮਾ ਸਿੰਘ ਵੱਲੋਂ ਇਸ ਸਮਝੌਤੇ 'ਤੇ ਹਸਤਾਖਰ ਕੀਤੇ ਗਏ। ਇਸ ਮੌਕੇ ਪੀ.ਐਚ.ਐਸ.ਸੀ. ਦੇ ਮੈਨੇਜਿੰਗ ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ ਅਤੇ ਪੀ.ਐਚ.ਐਸ.ਸੀ. ਦੇ ਡਾਇਰੈਕਟਰ ਡਾ. ਅਨਿਲ ਗੋਇਲ ਵੀ ਮੌਜੂਦ ਸਨ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਸਮਝੌਤੇ ਤਹਿਤ ਹੰਸ ਫਾਊਂਡੇਸ਼ਨ ਵੱਲੋਂ ਵਿਭਾਗ ਨੂੰ ਸਿਖਲਾਈ ਪ੍ਰਾਪਤ ਮੈਡੀਕਲ ਅਫਸਰ ਅਤੇ ਹੋਰ ਸਟਾਫ਼, ਦਵਾਈਆਂ, ਡਾਇਲਸਿਸ ਮਸ਼ੀਨਾਂ ਅਤੇ ਆਰ.ਓ. ਪਲਾਂਟ ਮੁਹੱਈਆ ਕਰਵਾਇਆ ਜਾਵੇਗਾ ਅਤੇ ਫਾਊਂਡੇਸ਼ਨ ਵੱਲੋਂ ਇਨ੍ਹਾਂ ਕੇਂਦਰਾਂ ਦੇ ਕੰਮਕਾਜ ਦੀ ਨਿਗਰਾਨੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸ਼ੁਰੂਆਤ ਵਿੱਚ, ਫਾਊਂਡੇਸ਼ਨ ਵੱਲੋਂ 10 ਸਰਕਾਰੀ ਸਹੂਲਤਾਂ ਵਿਖੇ ਡਾਇਲਸਿਸ ਸੈਂਟਰ ਸਥਾਪਿਤ ਕੀਤੇ ਜਾਣਗੇ, ਜਿੱਥੇ ਲੋੜਵੰਦ ਮਰੀਜ਼ ਮੁਫ਼ਤ ਡਾਇਲਸਿਸ ਸੁਵਿਧਾਵਾਂ ਪ੍ਰਾਪਤ ਕਰ ਸਕਣਗੇ। ਉਨ੍ਹਾਂ ਅੱਗੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਹੋਰ ਵੀ ਡਾਇਲਸਿਸ ਸੁਵਿਧਾਵਾਂ ਸਥਾਪਤ ਕੀਤੀਆਂ ਜਾਣਗੀਆਂ।ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਅਤੇ ਹੰਸ ਫਾਊਂਡੇਸ਼ਨ ਦੇ ਇਸ ਉਪਰਾਲੇ ਨਾਲ ਨਾ ਸਿਰਫ਼ ਗਰੀਬ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਡਾਇਲਸਿਸ ਦੀ ਸਹੂਲਤ ਮਿਲੇਗੀ ਸਗੋਂ ਕੇਂਦਰ ਨਜਦੀਕ ਹੋਣ ਨਾਲ ਸਫ਼ਰ ਵੀ ਘਟੇਗਾ।

## ਐਨਕੇ ਸ਼ਰਮਾ ਵੱਲੋਂ ਸਾਕਸ਼ੀ ਚੌਧਰੀ ਦਾ ਸਨਮਾਨ



**ਜ਼ੀਰਕਪੁਰ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਵਸਨੀਕ ਪਵਨ ਲਾਲ ਦੀ ਹੋਣਹਾਰ ਧੀ ਸਾਕਸ਼ੀ ਚੌਧਰੀ ਨੇ ਪੰਜਾਬ ਸਿਵਲ ਸਰਵਿਸਿਜ਼ (ਜੁਡੀਸ਼ੀਅਲ ਬ੍ਰਾਂਚ) ਦੀ ਪ੍ਰੀਖਿਆ ਪਾਸ ਕਰ ਕੇ ਜੱਜ ਬਣ ਕੇ ਆਪਣਾ ਅਤੇ ਪਰਿਵਾਰ ਦਾ ਨਾਂਅ ਰੋਸ਼ਨ ਕੀਤਾ ਹੈ। ਸਾਕਸ਼ੀ ਚੌਧਰੀ ਸਾਬਕਾ ਕੌਂਸਲਰ ਭਰਤ ਭੂਸ਼ਣ ਚੌਧਰੀ ਦੀ ਭਤੀਜੀ ਹੈ। ਸਾਕਸ਼ੀ ਦੇ ਜੱਜ ਬਣਨ 'ਤੇ ਸਾਬਕਾ ਵਿਧਾਇਕ ਐਨਕੇ ਸ਼ਰਮਾ ਨੇ ਉਨ੍ਹਾਂ ਦੇ ਘਰ ਜਾ ਕੇ ਸਾਕਸ਼ੀ ਅਤੇ ਉਸ ਦੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਭਾਰਤ ਸਰਕਾਰ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਨੂੰ ਕੌਮੀ ਸ਼ਹੀਦ ਤੇ ਭਾਰਤ ਰਤਨ ਦੇ ਸਨਮਾਨ ਨਾਲ ਨਿਵਾਜੇ : ਪ੍ਰੋ. ਬਡੂੰਗਰ

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਉਖਾੜਨ ਵਾਲੇ ਸ਼ਹੀਦ ਯੋਧੇ ਸ.ਕਰਤਾਰ ਸਿੰਘ ਸਰਾਭਾ, ਸ. ਭਗਤ ਸਿੰਘ ਅਤੇ ਸ. ਊਧਮ ਸਿੰਘ ਤਿੰਨੋਂ ਸ਼ਹੀਦਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਵੱਡੇ ਪੱਧਰ ਤੇ ਸ਼ਹੀਦੀ ਸਮਾਗਮ ਕਰਵਾਏ ਜਾਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਤਿੰਨੋਂ ਸ਼ਹੀਦਾਂ ਨੇ ਉਸ ਸਮੇਂ ਦੀ ਅੰਗਰੇਜ਼ ਹਕੂਮਤ ਨਾਲ ਹਿਕ ਡਾਹ ਕੇ ਮੁਕਾਬਲਾ ਕੀਤਾ ਅਤੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਹਲਾ ਕੇ ਰੱਖ ਦਿੱਤੀਆਂ ਅਤੇ ਖੁਦ ਸ਼ਹੀਦੀਆਂ ਦੇ ਜਾਮ ਪੀ ਗਏ। ਉਹਨਾਂ ਕਿਹਾ ਕਿ ਇਸ ਦੇ ਨਾਲ ਹੀ ਭਾਰਤ ਸਰਕਾਰ ਵੀ ਇਹਨਾਂ ਤਿੰਨੋ ਸ਼ਹੀਦਾਂ ਸ. ਕਰਤਾਰ ਸਿੰਘ ਸਰਾਭਾ ਜੋ ਕਿ 1915 ਵਿੱਚ ਮਹਿਜ 19 ਸਾਲ ਦੀ ਉਮਰ ਵਿੱਚ ਸ਼ਹੀਦ ਹੋਏ, ਸ. ਭਗਤ ਸਿੰਘ 23 ਸਾਲ ਦੀ ਉਮਰ ਵਿੱਚ 1931 ਵਿੱਚ ਅਤੇ ਸ. ਊਧਮ ਸਿੰਘ 40 ਸਾਲ ਦੀ ਉਮਰ ਵਿੱਚ ਦੇਸ਼ ਦੀ ਆਜ਼ਾਦੀ ਲਈ ਜਾਨਾ ਵਾਰ ਕੇ ਸ਼ਹੀਦੀਆਂ ਪਾ ਗਏ ਸਨ।

ਪ੍ਰੋ. ਬਡੂੰਗਰ ਨੇ ਕਿਹਾ ਕਿ ਉਹਨਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਤੌਰ ਪ੍ਰਧਾਨਗੀ ਕਾਲ ਵਿੱਚ ਗਦਰ ਪਾਰਟੀ ਨਾਲ ਜੁੜੇ ਹੋਏ ਸਰਦਾਰ ਭਗਤ ਸਿੰਘ ਅਤੇ ਸ. ਊਧਮ ਸਿੰਘ ਦਾ ਗਦਰੀਆਂ ਦਾ ਵੱਡਾ ਵੱਖਰਾ ਸਮਾਗਮ, ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿੱਚ ਉੱਤਰਾਖੰਡ ਵਿਖੇ ਜਿੱਥੇ ਸ਼ਹੀਦ ਕਰਤਾਰ ਸਿੰਘ ਦਾ ਬੁੱਤ ਵੀ ਲੱਗਿਆ ਹੋਇਆ ਹੈ, ਉੱਥੇ ਵੀ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਵੱਡਾ ਸਮਾਗਮ ਕਰਵਾਇਆ ਗਿਆ ਸੀ ਤੇ ਨਾਲ ਹੀ ਸ਼ਹੀਦ ਭਗਤ ਸਿੰਘ ਦਾ ਖਟਕਟ ਕਲਾ ਵਿਖੇ ਅਤੇ ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਸੁਨਾਮ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਸੀ । ਪ੍ਰੋ. ਬਡੂੰਗਰ ਨੇ ਕਿਹਾ ਕਿ ਉਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਵੀ ਸਮਾਗਮ ਨਹੀਂ ਕਰਵਾਇਆ ਗਿਆ। ਉਹਨਾਂ ਕਿਹਾ ਕਿ ਭਾਰਤ ਸਰਕਾਰ ਤਿੰਨੇ ਸ਼ਹੀਦਾਂ ਨੂੰ ਕੌਮੀ ਸ਼ਹੀਦ ਦਾ ਦਰਜਾ ਅਤੇ ਭਾਰਤ ਰਤਨ ਦੇ ਸਨਮਾਨ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਕਿਹਾ ਕਿ ਭਾਵੇਂ ਇਹ ਸਨਮਾਨ ਇਹਨਾਂ ਮਹਾਨ ਸ਼ਹੀਦਾਂ ਲਈ ਅਤੁਛ ਹਨ ਪਰ ਫਿਰ ਵੀ ਉਹਨਾਂ ਨੂੰ ਇਹ ਸਨਮਾਨ ਦਿੱਤਾ ਜਾਣਾ ਚਾਹੀਦਾ।

# ਪੰਜਾਬ ਸਰਕਾਰ ਵੱਲੋਂ ਵਾਜਬ ਦਰਾਂ 'ਤੇ ਰੇਤ ਮੁਹੱਈਆ ਕਰਵਾਉਣ ਲਈ ਖੋਲ੍ਹੀਆਂ ਜਾਣਗੀਆਂ 12 ਹੋਰ ਜਨਤਕ ਖੱਡਾਂ

**ਚੰਡੀਗੜ੍ਹ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਵਾਸੀਆਂ ਨੂੰ ਵਾਜਬ ਦਰਾਂ 'ਤੇ ਰੇਤ ਮੁਹੱਈਆ ਕਰਾਉਣਾ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ 12 ਹੋਰ ਜਨਤਕ ਰੇਤ ਖੱਡਾਂ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ ਹੈ।

ਸਰਕਾਰੀ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਚੌਥੇ ਅਤੇ ਪੰਜਵੇਂ ਪੜਾਅ ਤਹਿਤ ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਪੰਜ ਜ਼ਿਲ੍ਹਿਆਂ ਫ਼ਿਰੋਜ਼ਪੁਰ, ਐਸ.ਬੀ.ਐਸ. ਨਗਰ, ਅੰਮ੍ਰਿਤਸਰ, ਮੋਗਾ ਅਤੇ ਜਲੰਧਰ ਵਿੱਚ 12 ਨਵੀਆਂ ਜਨਤਕ ਰੇਤ ਖੱਡਾਂ ਲੋਕਾਂ ਨੂੰ ਸਮਰਪਿਤ ਕਰਨਗੇ।

ਦੱਸ ਦੇਈਏ ਕਿ ਆਮ ਲੋਕਾਂ ਵੱਲੋਂ ਜਨਤਕ ਰੇਤ ਖੱਡਾਂ ਖੋਲ੍ਹਣ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ ਅਤੇ ਇਸ ਸਮੇਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੁੱਲ 60 ਜਨਤਕ ਖੱਡਾਂ ਚਲ ਰਹੀਆਂ ਹਨ। ਆਮ ਲੋਕਾਂ ਨੂੰ ਹੁਣ ਤੱਕ 5.50 ਰੁਪਏ ਪ੍ਰਤੀ ਕਿਊਬਿਕ ਫ਼ੁੱਟ ਦੇ ਹਿਸਾਬ ਨਾਲ 15.90 ਲੱਖ ਮੀਟ੍ਰਿਕ ਟਨ ਰੇਤ ਪ੍ਰਦਾਨ ਕੀਤੀ ਜਾ ਚੁੱਕੀ ਹੈ, ਜੋ ਇਸ ਪਹਿਲਕਦਮੀ ਦੀ ਸ਼ਾਨਦਾਰ ਸਫ਼ਲਤਾ ਨੂੰ ਦਰਸਾਉਂਦੀ ਹੈ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਇਸ ਵੱਕਾਰੀ ਉਪਰਾਲੇ ਦਾ ਉਦੇਸ਼ ਲੋਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਰੇਤ ਮੁਹੱਈਆ ਕਰਵਾਉਣਾ ਹੈ। ਖਣਨ ਅਤੇ ਭੂ-ਵਿਗਿਆਨ ਵਿਭਾਗ ਵੱਲੋਂ ਸ਼ਨਾਖ਼ਤ ਕੀਤੀਆਂ ਗਈਆਂ ਨਵੀਆਂ ਜਨਤਕ ਰੇਤ ਖੱਡਾਂ ਦੇ ਉਦਘਾਟਨ ਨਾਲ ਇਨ੍ਹਾਂ ਖੱਡਾਂ ਦੀ ਕੁੱਲ ਗਿਣਤੀ 72 ਹੋ ਜਾਵੇਗੀ, ਜਿਸ ਨਾਲ ਆਮ ਲੋਕਾਂ ਨੂੰ ਵਧੇਰੇ ਲਾਭ ਮਿਲੇਗਾ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਨ੍ਹਾਂ ਜਨਤਕ ਰੇਤ ਖੱਡਾਂ ਦੀ ਮਦਦ ਨਾਲ ਵੱਡੀ ਪੱਧਰ 'ਤੇ ਆਮ ਲੋਕ ਖ਼ੁਦ ਰੇਤ ਦੀ ਖੁਦਾਈ ਕਰਕੇ ਵੇਚ ਸਕਦੇ ਹਨ, ਜਿਸ ਨਾਲ ਬਾਜ਼ਾਰ ਵਿੱਚ ਰੇਤ ਦੀ ਸਪਲਾਈ ਵਧੇਗੀ ਅਤੇ ਰੇਤ ਦੇ ਮਾਰਕੀਟ ਰੇਟ ਵੀ ਘਟਣਗੇ। ਜ਼ਿਕਰਯੋਗ ਹੈ ਕਿ ਆਮ ਲੋਕਾਂ ਨੂੰ ਸਸਤੀਆਂ ਦਰਾਂ 'ਤੇ ਰੇਤ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪਹਿਲੇ ਪੜਾਵਾਂ ਤਹਿਤ 10 ਜ਼ਿਲ੍ਹਿਆਂ ਵਿੱਚ ਜਨਤਕ ਰੇਤ ਖੱਡਾਂ ਦਾ ਉਦਘਾਟਨ ਕੀਤਾ ਜਾ ਚੁੱਕਾ ਹੈ।

# ਲੁਹਾਰ ਬਿਰਾਦਰੀ ਮਾਲੇਰਕੋਟਲਾ ਵੱਲੋਂ ਪਹਿਲਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ




**ਮਲੇਰਕੋਟਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕੂਕਿਆਂ ਵਾਲੇ ਕਲਰ ਦੇ ਵਿਸ਼ਾਲ ਗਰਾਊਂਡ ਵਿਖੇ ਲੁਹਾਰ ਬਿਰਾਦਰੀ ਮਾਲੇਰਕੋਟਲਾ ਵੱਲੋਂ (ਪੀ.ਐਲ.ਪੀ.ਐਲ) ਪਹਿਲਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ 'ਚ 08 ਟੀਮਾਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਸੇ ਦੌਰਾਨ ਖੇਡੇ ਗਏ ਪਹਿਲੇ ਸੈਮੀਫਾਇਨਲ 'ਚ ਸੁਹੇਲ ਪਠਾਨ ਦੀ ਟੀਮ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਫੈਜ਼ਾਨ ਖਿਲਜੀ ਦੀ ਟੀਮ ਨੂੰ ਹਰਾ ਕੇ ਫਾਈਨਲ 'ਚ ਥਾਂ ਬਣਾਈ। ਦੂਜੇ ਸੈਮੀਫਾਇਨਲ 'ਚ ਆਰਿਫ ਕਪੂਰ ਦੀ ਟੀਮ ਨੇ ਸਈਦ ਖਿਲਜੀ ਦੀ ਟੀਮ ਨੂੰ ਹਰਾ ਕੇ ਫਾਈਨਲ ਖੇਡਣ ਲਈ ਰਾਹ ਪੱਧਰਾ ਕੀਤਾ। ਫਾਈਨਲ ਮੈਚ ਵਿੱਚ ਪਹਿਲਾਂ ਬੈਟਿੰਗ ਕਰਦਿਆਂ ਆਰਿਫ ਕਪੂਰ ਦੀ ਟੀਮ ਦੇ ਖਿਡਾਰੀਆਂ ਵੱਲੋਂ 87 ਦੌੜਾ ਬਣਾਈਆ, ਜਦਕਿ ਇਸ ਦੇ ਜਵਾਬ 'ਚ ਸੁਹੇਲ ਪਠਾਨ ਦੀ ਟੀਮ ਸਿਰਫ 77 ਦੌੜਾ ਉੱਤੇ ਹੀ ਆਲ ਆਊਟ ਹੋ ਗਈ ਤੇ ਆਰਿਫ ਕਪੂਰ ਦੀ ਟੀਮ ਨੇ ਫਾਇਨਲ ਜਿੱਤਿਆ ਤੇ ਪੀ.ਐਲ.ਪੀ.ਐਲ ਕ੍ਰਿਕਟ ਚੈਂਪੀਅਨਸ਼ਿੱਪ ਦੀ ਜੇਤੂ ਟਰਾਫੀ ਅਤੇ ਨਕਦ ਇਨਾਮ 'ਤੇ ਆਪਣਾ ਕਬਜ਼ਾ ਕੀਤਾ। ਟੂਰਨਾਮੈਂਟ ਦੌਰਾਨ ਇਮਰਾਨ ਖਿਲਜ਼ੀ ਨੂੰ ਮੈਨ ਆਫ ਦਾ ਸੀਰੀਜ਼, ਆਰਿਫ ਕਪੂਰ ਨੂੰ ਮੈਨ ਆਫ ਦਾ ਮੈਚ ਤੇ ਬੈਸਟ ਬਾਲਰ ਤੇ ਇਬਰਾਰ ਚੌਹਾਨ ਨੂੰ ਬੈਸਟ ਫਿਲਡਰ ਐਲਾਨਿਆ ਗਿਆ।

ਇਨਾਮ ਵੰਡ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਹਾਜ਼ੀ ਮੁਹੰਮਦ ਮੁਸ਼ਤਾਕ, ਮਨਜ਼ੂਰ ਚੌਹਾਨ ਤੇ ਜ਼ਹੀਰ ਅਖਤਰ ਨੇ ਟੂਰਨਾਮੈਂਟ 'ਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਹੋਸਲਾ ਅਫਜਾਈ ਕਰਦਿਆਂ ਟੂਰਨਾਮੈਂਟ ਦੇ ਸ਼ਾਨਦਾਰ ਪ੍ਰਬੰਧਾਂ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਖੇਡਾਂ ਜਿਥੇ ਸਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਦੀਆਂ ਹਨ, ਉਥੇ ਹੀ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਾਉਂਦੀਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਅਤੇ ਟੂਰਨਾਮੈਂਟ ਦੇ ਨਿਯਮਾਂ ਅਨੁਸਾਰ ਖੇਡਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਟੂਰਨਾਮੈਂਟ ਦਾ ਮੁੱਖ ਮਕਸਦ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦਿਆਂ ਉਨ੍ਹਾਂ ਅੰਦਰ ਹੋਰ ਉਤਸ਼ਾਹ ਤੇ ਊਰਜਾ ਪੈਦਾ ਕਰਨਾ ਹੈ। ਇਸ ਮੌਕੇ ਜੇਤੂ ਟੀਮ ਨੂੰ 5100 ਰੁਪਏ ਤੇ ਵੱਡਾ ਕੱਪ, ਉਪ ਜੇਤੂ ਟੀਮ ਨੂੰ 2100 ਰੁਪਏ ਤੇ ਵੱਡਾ ਕੱਪ ਦੇ ਕੇ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ 'ਚ ਮੈਨ ਆਫ ਦਾ ਸੀਰੀਜ਼ ਇਮਰਾਨ ਖਿਲਜ਼ੀ, ਮੈਨ ਆਫ ਦਾ ਮੈਚ ਤੇ ਬੈਸਟ ਬਾਲਰ ਆਰਿਫ ਕਪੂਰ ਤੇ ਬੈਸਟ ਫਿਲਡਰ ਇਬਰਾਰ ਚੌਹਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਟੂਰਨਾਮੈਂਟ ਦੇ ਮੁੱਖ ਪ੍ਰਬੰਧਕਾਂ ਅਬਦੁਲ ਅਜ਼ੀਜ਼ ਚੌਹਾਨ, ਸਾਜਿਦ ਖਿਲਜੀ, ਜਾਵੇਦ ਚੌਹਾਨ, ਸਾਲਿਮ ਖਿਲਜੀ, ਸਾਦਿਕ ਪਠਾਨ, ਸਈਦ ਚੌਹਾਨ, ਜਾਹਿਦ ਖਿਲਜੀ ਆਦਿ ਨੇ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਮਹਿਮਾਨਾਂ, ਖਿਡਾਰੀਆਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸਟੇਜ ਦੀ ਕਾਰਵਾਈ ਮੁਹੰਮਦ ਸਿਕੰਦਰ ਖਿਲਜੀ ਤੇ ਮੁਹੰਮਦ ਅਮਜ਼ਦ ਖਿਲਜੀ ਵੱਲੋਂ ਬਾਖੂਬੀ ਨਿਭਾਈ ਗਈ।

## ਨੌਜਵਾਨ ਲੜਕੀਆਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਜ਼ਰੂਰ ਕਰਨ : ਰੁਪਿੰਦਰ ਕੌਰ

**ਪਟਿਆਲਾ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ੍ਹ ਵਲੋਂ ਹਰ ਜ਼ਿਲ੍ਹੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾ ਨੂੰ ਆਪਣੇ ਜ਼ਿਲਿਆਂ ਵਿਚ ਹਰ ਕਾਲਜ ,ਵਿਦਿਆਕ ਸੰਸਥਾਵਾਂ, ਤਕਨੀਕੀ ਸੰਸਥਾਵਾਂ ਵਿੱਚ ਵੂਮੈਨ ਕੈਂਪਸ ਐਬਸਡਰ ਨਿਯੁਕਤ ਕਰਨ ਲਈ ਕਿਹਾ ਗਿਆ ਸੀ ਅਤੇ ਇਸ ਦੇ ਨਾਲ ਨਾਲ ਐਨ ਜੀ ਓ ਵਿਚ ਵੀ ਵੂਮੈਨ ਕੌਂਸਲਰ ਨਿਯੁਕਤ ਕਰਕੇ ਪਿੰਡਾਂ ਵਿਚ ਔਰਤਾਂ ਅਤੇ ਲੜਕੀਆਂ ਨੂੰ ਉਹਨਾਂ ਦੇ ਵੋਟ ਦੇ ਅਧਿਕਾਰਾ ਬਾਰੇ ਜਾਣਕਾਰੀ ਦੇਣ ਲਈ ਕਿਹਾ ਗਿਆ ਸੀ। ਇਸ ਤਹਿਤ ਜ਼ਿਲ੍ਹਾ ਚੋਣਕਾਰ ਅਫ਼ਸਰ ਵਲੋਂ ਰੁਪਿੰਦਰ ਕੌਰ ਪ੍ਰਧਾਨ ਪਾਵਰ ਹਾਊਸ ਯੂਥ ਕਲੱਬ ਅਤੇ ਜਰਨਲ ਸਕੱਤਰ ਯੂਥ ਫੈਡਰੇਸ਼ਨ ਆਫ ਇੰਡੀਆ ਨੂੰ ਪਟਿਆਲਾ ਜ਼ਿਲ੍ਹੇ ਵਿੱਚ ਐਨ ਜੀ ਓ ਵਲੋਂ ਵੂਮੈਨ ਕੋਸਲਿੰਗ ਐਬਸਡਰ ਨਿਯੁਕਤ ਕੀਤਾ ਗਿਆ ।ਇਸ ਮੌਕੇ ਸਟੇਟ ਐਵਾਰਡੀ ਰੁਪਿੰਦਰ ਕੌਰ ਨੇ ਕਿਹਾ ਕਿ ਜੋ ਉਹਨਾਂ ਨੂੰ ਜੋ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਵਿਚ ਜਾ ਕੇ ਔਰਤਾਂ ਅਤੇ ਲੜਕੀਆਂ ਨੂੰ ਉਹਨਾਂ ਦੇ ਵੋਟ ਦੇ ਅਧਿਕਾਰ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਅਠਾਰਾਂ ਸਾਲ ਦੀਆਂ ਹੋਈਆਂ ਲੜਕੀਆਂ ਨੂੰ ਨਵੀਂ ਵੋਟ ਬਨਾਉਣ ਲਈ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹੋ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਤੋਂ ਸੇਧ ਲੈ ਕੇ ਹਮੇਸ਼ਾ ਸਮਾਜ ਸੇਵੀ ਕਾਰਜਾਂ ਵਿਚ ਵੱਧ ਤੋਂ ਵੱਧ ਚੜ੍ਹ ਕੇ ਸਮਾਜ ਸੇਵਾ ਕਰਦੀ ਰਹੇਗੀ।

# ਹਰਜੋਤ ਸਿੰਘ ਬੈਂਸ ਵੱਲੋਂ ਪਿੰਡ ਥੱਪਲ ਵਿਖੇ ਅੰਬੇਡਕਰ ਭਵਨ ਦਾ ਉਦਘਾਟਨ



**ਸ੍ਰੀ ਅਨੰਦਪੁਰ ਸਾਹਿਬ, 2 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਮੁਹਿੰਮ ਤਹਿਤ ਅੱਜ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਪਿੰਡ ਥੱਪਲ ਵਿਖੇ ਪਹੁੰਚੇ ਜਿੱਥੇ ਉਹਨਾਂ ਨੇ ਸਭ ਤੋਂ ਪਹਿਲਾਂ ਅੰਬੇਡਕਰ ਭਵਨ ਦਾ ਉਦਘਾਟਨ ਕੀਤਾ। ਉਹਨਾਂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵਿਸ਼ਵ ਗਿਆਨ ਪ੍ਰਤੀਕ, ਨਾਰੀ ਜਾਤੀ ਦੇ ਉਧਾਰਕ, ਮਾਨਵਤਾ ਦੇ ਮਸੀਹਾ ਨੇ ਲੋਕ ਭਲਾਈ ਲਈ ਆਪਣਾ ਸਮੁੱਚਾ ਜੀਵਨ ਸਮਰਪਿਤ ਕੀਤਾ। ਉਹਨਾਂ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਜਿੱਥੇ ਅਸੀਂ ਅੰਬੇਡਕਰ ਭਵਨ ਦਾ ਉਦਘਾਟਨ ਕੀਤਾ ਹੈ ਉੱਥੇ ਹੀ ਹਰ ਪਿੰਡ ਵਿੱਚ ਅੰਬੇਡਕਰ ਭਵਨ ਵਿੱਚ ਲਾਇਬ੍ਰੇਰੀ ਜ਼ਰੂਰ ਹੋਵੇ ਤਾਂ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਦੇ ਸਕੀਏ। ਉਹਨਾਂ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਪਿੰਡ ਥੱਪਲ ਦੀ ਮੌਜੂਦਾ ਸਰਪੰਚ ਨਿੱਕੀ ਕੁਮਾਰੀ ਜੋ ਕਿ ਆਪਣੀ ਗ੍ਰਾਮ ਪੰਚਾਇਤ ਦਾ ਕੰਮ ਬਾਖੂਬ ਕਰ ਰਹੀ ਹੈ ਅਤੇ ਬੇਟੀ ਬਚਾਓ ਬੇਟੀ ਪੜਾਓ ਲਈ ਪ੍ਰੇਰਨਾਸਰੋਤ ਵੀ ਹੈ। ਇਸ ਮੌਕੇ ਤੇ ਉਹਨਾਂ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨਾਂ ਨੂੰ ਮੌਕੇ ਤੇ ਹੱਲ ਕੀਤਾ।

ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ,ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ, ਰਾਜਦੀਪ ਥੱਪਲ ਸਾਬਕਾ ਸਰਪੰਚ, ਸੋਨੂ ਚੌਧਰੀ, ਰਜਿੰਦਰ ਗਿੱਲ ਉੱਘੇ ਸਮਾਜ ਸੇਵੀ ਦਲਿਤ ਵਿਚਾਰਕ,ਦਵਿੰਦਰ ਸਿੰਘ ਸ਼ਿੰਦੂ ਬਲਾਕ ਪ੍ਰਧਾਨ ਆਪ,ਦਲੀਪ ਹੰਸ ਚੇਅਰਮੈਨ ਹੈਲਪ ਫਾਊਂਡੇਸ਼ਨ, ਰਾਜ ਘਈ ਸਟੇਜ ਸਕੱਤਰ,ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜੀ ਯੂਨੀਅਨ, ਸ਼੍ਰੀ ਅਮਰਨਾਥ ਨਾਥੀ ਚੇਅਰਮੈਨ ਵਾਲਮੀਕ ਸਭਾ, ਸੋਮਨਾਥ ਪੰਚ ,ਕੋਰਾ ਦੇਵੀ ਪੰਚ, ਜਸਪਾਲ ਸਿੰਘ ਭੂਈ, ਰਾਜੀਵ ਰੁੰਜੂ, ਜੀਤ ਸਿੰਘ ਫੌਜੀ, ਸਰਵਨ ਸਿੰਘ ਪੰਜਾਬੀ ਗਾਇਕ ਜਸਵਿੰਦਰ ਸਿੰਘ ਬੜਾ,ਹਰੀ ਸਿੰਘ ਆਦਿ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਖੇਤਾਂ ਦਾ ਪੁੱਤ ਪਾਸ਼



ਜਗਮੋਹਨ ਸਿੰਘ ਲੱਕੀ
ਮੋਬਾਈਲ : 94638-19174

**ਪਾਸ਼ ਨੇ ਹਮੇਸ਼ਾ ਹੀ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਦਬੇ-ਕੁਚਲੇ ਵਰਗ ਕਿਹਾ ਜਾਂਦਾ ਹੈ। ਅੱਜ ਵੀ ਪਾਸ਼ ਦੀਆਂ ਰਚਨਾਵਾਂ ਹਰ ਧੱਕੇ ਖਿਲਾਫ਼ ਸੰਘਰਸ਼ ਕਰਨ ਦਾ ਰਾਹ ਦਿਖਾਉਂਦੀਆਂ ਹਨ...**

ਸਾਡੇ ਸਮਿਆਂ ਵਿਚ, ਉੱਡਦੇ ਬਾਜ਼ਾਂ ਮਗਰ ਜਾਣ ਦੀ ਲੋਹ ਕਥਾ ਬਿਆਨ ਕਰਨ ਵਾਲੇ ਪਾਸ਼ (ਅਵਤਾਰ ਸਿੰਘ ਸੰਧੂ) ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਤਲਵੰਡੀ ਸਲੇਮ ਵਿਚ 9 ਨਵੰਬਰ 1950 ਨੂੰ ਪਿਤਾ ਮੇਜਰ ਸੋਹਣ ਸਿੰਘ ਸੰਧੂ ਤੇ ਮਾਤਾ ਨਸੀਬ ਕੌਰ ਦੇ ਘਰ ਹੋਇਆ। ਦੋ ਦਰਿਆਵਾਂ ਸਤਲੁਜ ਤੇ ਬਿਆਸ ਵਿਚਕਾਰਲੀ ਧਰਤੀ ਦੋਆਬੇ ਦੀ ਆਬੋ-ਹਵਾ ਹੀ ਅਜਿਹੀ ਹੈ ਕਿ ਇਸ 'ਤੇ ਸਮੇਂ-ਸਮੇਂ ਅਜਿਹੇ ਸੂਰਮੇ ਪੈਦਾ ਹੋਏ ਹਨ, ਜਿਨ੍ਹਾਂ ਨੇ ਪੰਜਾਬ ਅਤੇ ਦੇਸ਼ ਦੇ ਇਤਿਹਾਸ ਨਾਲੋਂ ਆਪਣਾ ਵੱਖਰਾ ਹੀ ਇਤਿਹਾਸ ਸਿਰਜਿਆ ਹੈ, ਅਜਿਹਾ ਹੀ ਇਕ ਸੂਰਮਾ ਸੀ ਪਾਸ਼। ਇਸ ਲੇਖ ਵਿਚ ਉਸ ਦੀ ਨਿੱਜੀ ਜ਼ਿੰਦਗੀ ਦੀ ਥਾਂ, ਕਵਿਤਾਵਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਜ਼ਿਆਦਾ ਪ੍ਰਸੰਗਿਕ ਹੋਵੇਗਾ। ਕਿਉਂਕਿ ਉਹ ਸਿਰਫ਼ ਆਪਣੇ ਮਾਪਿਆਂ ਦਾ ਹੀ ਨਹੀਂ ਸਗੋਂ ਸਾਰੇ ਪੰਜਾਬ ਦਾ ਸਾਂਝਾ ਪੁੱਤ ਸੀ। ਅੱਜ ਵੀ ਵੱਡੀ ਗਿਣਤੀ 'ਚ ਲੋਕ ਉਸ ਦੀਆਂ ਕਵਿਤਾਵਾਂ ਤੇ ਗੀਤ ਪੜ੍ਹਦੇ ਨੇ।

ਪਾਸ਼ ਦੇ ਕਾਵਿ ਸੰਗ੍ਰਹਿ 1970 ਵਿਚ ਲੋਹ ਕਥਾ, 1974 ਵਿਚ ਉੱਡਦੇ ਬਾਜ਼ਾਂ ਮਗਰ, 1978 ਵਿਚ ਸਾਡੇ ਸਮਿਆਂ ਵਿਚ ਅਤੇ ਫਲਾਇੰਗ ਸਿੱਖ ਨਾਂ ਦੀ ਜੀਵਨੀ ਉਸ ਦੇ ਜਿਉਂਦੇ ਹੀ ਛਪੀਆਂ ਤੇ ਉਸ ਦੀ ਸ਼ਹੀਦੀ ਤੋਂ ਬਾਅਦ 1989 ਵਿਚ ਵਰਤਮਾਨ ਦੇ ਰੂ-ਬ-ਰੂ ਅਤੇ ਖਿਲਰੇ ਹੋਏ ਵਰਕੇ ਛਪੀਆਂ। ਪਾਸ਼ ਨੂੰ ਆਪਣੇ ਖੇਤਾਂ ਦਾ ਪੁੱਤ ਹੋਣ 'ਤੇ ਮਾਣ ਸੀ। ਉਹ ਹਮੇਸ਼ਾ ਇਹ ਕਹਿੰਦਾ ਸੀ ਕਿ ਖੇਤਾਂ ਦਾ ਪੁੱਤ ਹੋ ਕੇ ਉਹ ਦੂਜਿਆਂ ਦੇ ਚਗਲੇ ਸਵਾਦਾਂ ਦੀ ਗੱਲ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪਾਸ਼ ਇਕ ਅਜਿਹਾ ਸ਼ਾਇਰ ਸੀ, ਜਿਸ ਦੀ ਕਵਿਤਾ ਸਿੱਧਾ ਦਿਲ 'ਤੇ ਵਾਰ ਕਰਦੀ ਹੈ। ਇਹ ਪਾਸ਼ ਹੀ ਸੀ, ਜਿਸ ਨੇ ਪੁਲਿਸ ਮੁਕਾਬਲਿਆਂ ਵਿਰੁੱਧ ਕਵਿਤਾ ਲਿਖਣ ਦੀ ਦਲੇਰੀ ਕੀਤੀ। ਆਪਣੇ ਇਕ ਗੀਤ ਵਿਚ ਪਾਸ਼ ਲਿਖਦਾ ਹੈ।

*ਕੱਲ੍ਹ ਬਾਬਾ ਬੁੱਢਾ ਇਕ ਮਾਰਿਆ ਪੁਲਿਸ ਨੇ*
*ਹਿਕ ਵਿਚ ਗੋਲੀ ਖਾਧੀ ਬਾਬੂ ਤੇ ਦਲੀਪ ਨੇ*
*ਪੂਰੀ ਕੀਤੀ ਏ ਰਸਮ ਦਇਆ ਸਿੰਘ ਦੀ ਕਸਮ*
*ਕਿਰਤੀ ਦੀਏ ਕੁੱਲੀਏ...*

ਪਾਸ਼ ਦੀ ਹੀ ਹਿੰਮਤ ਸੀ ਕਿ ਉਸ ਨੇ ਧਰਮ ਦੀਕਸ਼ਾ ਲਈ ਬਿਨੈ-ਪੱਤਰ ਕਵਿਤਾ ਵਿਚ ਸਪਸ਼ਟ ਲਿਖਿਆ ਹੈ ਕਿ

*ਮੇਰਾ ਇਕੋ ਹੀ ਪੁੱਤ ਹੈ ਧਰਮ ਗੁਰੂ*
*ਉਂਜ ਭਲਾ ਸੱਤ ਵੀ ਹੁੰਦੇ*
*ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ*
*ਤੇਰੇ ਬਾਰੂਦ ਵਿਚ ਰੱਬੀ ਮਹਿਕ ਹੈ*
*ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ।*

ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪਾਸ਼ ਨੇ ਜਦੋਂ ਇਹ ਕਵਿਤਾ ਲਿਖੀ ਸੀ ਤਾਂ ਉਸ ਸਮੇਂ ਪੰਜਾਬ ਵਿਚ ਖਾੜਕੂਵਾਦ ਜ਼ੋਰਾਂ 'ਤੇ ਸੀ। ਇਸ ਕਵਿਤਾ ਕਾਰਨ ਵੀ ਪਾਸ਼ ਆਪਣੇ ਵਿਰੋਧੀਆਂ ਦੀਆਂ ਨਜ਼ਰਾਂ ਵਿਚ ਰੜਕਣ ਲੱਗ ਪਿਆ ਸੀ।

ਇਸ ਤੋਂ ਇਲਾਵਾ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਦੇ ਕਤਲ ਪਿੱਛੋਂ ਦੇਸ਼ ਭਰ ਵਿਚ ਸਿੱਖ ਵਿਰੋਧੀ ਦੰਗੇ ਹੋਏ ਤਾਂ ਪਾਸ਼ ਨੂੰ ਉਨ੍ਹਾਂ ਦੰਗਿਆਂ ਕਾਰਨ ਕਾਫ਼ੀ ਦੁੱਖ ਪਹੁੰਚਿਆ। ਪਾਸ਼ ਕਾਮਰੇਡ ਸੀ ਪਰ ਜਨਮ ਸਿੱਖ ਪਰਿਵਾਰ ਵਿਚ ਹੋਇਆ ਹੋਣ ਕਰਕੇ ਅਚੇਤ ਰੂਪ ਵਿਚ ਉਸ ਵਿਚ ਕਿਤੇ ਨਾ ਕਿਤੇ ਆਪਣੇ ਮਾਪਿਆਂ ਦੇ ਧਰਮ ਦਾ ਅਸਰ ਵੀ ਸੀ। ਭਾਵੇਂ ਥੋੜ੍ਹਾ ਕੁ ਹੀ ਸੀ ਪਰ ਹੈ ਸੀ।

ਇਸੇ ਕਾਰਨ ਹੀ 'ਬੇ-ਦਖਲੀ ਲਈ ਬਿਨੈ ਪੱਤਰ' ਵਿਚ ਪਾਸ਼ ਲਿਖਦਾ ਹੈ ਕਿ

*ਮੈਂ ਉਮਰ ਭਰ ਉਸ ਦੇ ਖਿਲਾਫ਼ ਸੋਚਿਆ ਤੇ ਲਿਖਿਆ*
*ਜੇ ਉਸ ਦੇ ਸੋਗ ਵਿਚ ਸਾਰਾ ਹੀ ਦੇਸ਼ ਸ਼ਾਮਲ ਹੈ*
*ਤਾਂ ਇਸ ਦੇਸ਼ ਵਿਚੋਂ ਮੇਰਾ ਨਾਮ ਕੱਟ ਦੇਵੋ।*

ਇਸੇ ਤਰ੍ਹਾਂ ਉਹ ਸਭ ਤੋਂ ਖ਼ਤਰਨਾਕ ਕਵਿਤਾ ਵਿਚ ਸੱਚਾਈ ਬਿਆਨ ਦਾ ਹੈ।

*ਸਭ ਤੋਂ ਖ਼ਤਰਨਾਕ ਹੁੰਦਾ ਹੈ*
*ਮੁਰਦਾ ਸ਼ਾਂਤੀ ਨਾਲ ਭਰ ਜਾਣਾ*
*ਨਾ ਹੋਣਾ ਤੜਪ ਦਾ*
*ਸਭ ਸਹਿਣ ਕਰ ਜਾਣਾ*
*ਘਰਾਂ ਤੋਂ ਨਿਕਲਣਾ ਕੰਮ 'ਤੇ*
*ਤੇ ਕੰਮ ਤੋਂ ਘਰ ਜਾਣਾ*
*ਸਭ ਤੋਂ ਖ਼ਤਰਨਾਕ ਹੁੰਦਾ ਹੈ*
*ਸਾਡੇ ਸੁਪਨਿਆਂ ਦਾ ਮਰ ਜਾਣਾ!*
*ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ*
*ਤੁਹਾਡੇ ਗੁੱਟ ਤੇ ਚਲਦੀ ਹੋਈ ਵੀ ਜੋ*
*ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।*

ਸਾਡੇ ਸਮਿਆਂ ਵਿਚ ਕਵਿਤਾ ਰਾਹੀਂ ਉਹ ਬਿਆਨ ਕਰਦਾ ਹੈ।

*ਇਹ ਸਭ ਕੁਝ ਸਾਡੇ ਹੀ ਸਮਿਆਂ ਵਿਚ ਹੋਣਾ ਸੀ*
*ਕਿ ਸਮੇਂ ਨੇ ਖੜ੍ਹ ਜਾਣਾ ਸੀ ਹੰਭੀ ਹੋਈ ਜੋਗ ਵਾਂਗ*
*ਤੇ ਕੱਚੀਆਂ ਕੰਧਾਂ ਉੱਤੇ ਲਮਕਦੇ ਕਲੰਡਰਾਂ ਨੇ*
*ਪ੍ਰਧਾਨ ਮੰਤਰੀ ਦੀ ਫੋਟੋ ਬਣ ਕੇ ਰਹਿ ਜਾਣਾ ਸੀ*



ਇਸੇ ਤਰ੍ਹਾਂ ਘਾਹ ਨਾਂ ਦੀ ਕਵਿਤਾ ਵਿਚ ਉਹ ਲਿਖਦਾ ਹੈ।

*ਮੇਰੀ ਹਰਿਆਲੀ ਆਪਣਾ ਕੰਮ ਕਰੇਗੀ*
*ਦੋ ਸਾਲ, ਦਸ ਸਾਲ ਬਾਅਦ*
*ਸਵਾਰੀਆਂ ਫਿਰ*
*ਕਿਸੇ ਟਿਕਟ ਕੱਟ ਤੋਂ ਪੁੱਛਣਗੀਆਂ*
*ਇਹ ਕਿਹੜੀ ਥਾਂ ਹੈ?*
*ਮੈਨੂੰ ਬਰਨਾਲੇ ਉਤਾਰ ਦੇਣਾ*
*ਜਿਥੇ ਹਰੇ ਘਾਹ ਦਾ ਜੰਗਲ ਹੈ।*
*ਮੈਂ ਘਾਹ ਹਾਂ, ਮੈਂ ਆਪਣਾ ਕੰਮ ਕਰਾਂਗਾ*
*ਮੈਂ ਤੁਹਾਡੇ ਹਰ ਕੀਤੇ ਕਰਾਏ 'ਤੇ ਉੱਗ ਆਵਾਂਗਾ।*

ਕਲਾਮ ਮਿਰਜ਼ਾ ਵਿਚ ਉਹ ਆਪਣੇ ਕਤਲ ਬਾਰੇ ਹੀ ਲਿਖਦਾ ਹੈ। ਜਿਵੇਂ ਉਸ ਨੂੰ ਆਪਣੇ ਕਤਲ ਹੋਣ ਦਾ ਪਹਿਲਾਂ ਹੀ ਅੰਦੇਸ਼ਾ ਹੋਵੇ।

*ਮੈਂ ਸੁਣਿਆ ਹੈ ਕਿ ਮੇਰੇ ਕਤਲ ਦਾ*
*ਮਨਸੂਬਾ ਰਾਜਧਾਨੀ ਵਿਚ*
*ਮੇਰੇ ਜੰਮਣ ਤੋਂ ਬਹੁਤ ਪਹਿਲਾਂ ਹੀ ਬਣ ਚੁੱਕਿਆ ਸੀ।*

ਅਜਿਹੀ ਸ਼ਬਦਾਵਲੀ ਸਿਰਫ਼ ਪਾਸ਼ ਹੀ ਤਾਂ ਲਿਖ ਸਕਦਾ ਸੀ। ਉੱਡ ਗਏ ਬਾਜ਼ਾਂ ਮਗਰ, 'ਚ ਉਹ ਲਿਖਦਾ ਹੈ।

*ਉੱਡ ਗਏ ਬਾਜ਼ ਚੁੰਝਾ 'ਚ ਲੈ ਕੇ*
*ਸਾਡੀ ਚੈਨ ਦਾ ਇਕ ਪਲ*
*ਬਿਤਾ ਸਕਣ ਦੀ ਖਾਹਿਸ਼*
*ਦੋਸਤੋ ! ਹੁਣ ਚੱਲਿਆ ਜਾਵੇ*
*ਉੱਡਦਿਆਂ ਬਾਜ਼ਾਂ ਮਗਰ*

ਇਸੇ ਤਰ੍ਹਾਂ ਉਹ ਆਪਣੇ ਖੇਤਾਂ ਦਾ ਪੁੱਤ ਹੋਣ 'ਤੇ ਮਾਣ ਕਰਦਾ ਹੋਇਆ ਲਿਖਦਾ ਹੈ ਕਿ

*ਮੇਰੇ ਤੋਂ ਆਸ ਨਾ ਕਰਿਓ ਕਿ*
*ਮੈਂ ਖੇਤਾਂ ਦਾ ਪੁੱਤ ਹੋ ਕੇ*
*ਤੁਹਾਡੇ ਚਗਲੇ ਹੋਏ ਸਵਾਂਦਾ ਦੀ*
*ਕੋਈ ਗੱਲ ਕਰਾਂਗਾ।*
*ਜਿਨ੍ਹਾਂ ਦੇ ਹੜ੍ਹ 'ਚੋਂ ਰੁੜ ਜਾਂਦੀ ਹੈ*
*ਸਾਡੇ ਬੱਚਿਆਂ ਦੀ ਤੋਤਲੀ ਕਵਿਤਾ*
*ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ ।*

ਪਾਸ਼ ਇਕ ਅਜਿਹਾ ਸ਼ਾਇਰ ਸੀ ਜਿਸ ਨੇ ਦਬੇ ਕੁਚਲੇ ਲੋਕਾਂ ਦੀ ਗੱਲ ਕੀਤੀ। ਉਹ ਕੁੜੀਆਂ-ਚਿੜੀਆਂ ਦੀ ਮੌਜੂਦਾ ਸਥਿਤੀ 'ਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ ਕਿ

*ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ*
*ਐਥੇ ਹੀ ਕਿਤੇ ਉਰੇ-ਪਰੇ ਬੰਨਿਆਂ ਤੋਂ ਘਾਹ ਖੋਤੇਗਾ*
*ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ*
*ਤੇ ਮੈਲੀਆਂ ਚੁੰਨੀਆਂ ਭਿਉਂ ਕੇ*
*ਲੋਆਂ ਨਾਲ ਲੂਸੇ ਚੇਹਰਿਆਂ 'ਤੇ ਫੇਰੇਗਾ।*
*ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ*
*ਐਥੇ ਹੀ ਕਿਤੇ ਉਰੇ ਪਰੇ ਲੁਕ ਕੇ*
*ਕੱਲਮ-ਕੱਲਿਆਂ ਰੋਇਆ ਕਰੇਗਾ*
*ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।*

ਪਾਸ਼ ਇਕ ਅਜਿਹਾ ਕਵੀ ਸੀ ਜਿਸ ਨੂੰ ਜੁਝਾਰਵਾਦੀ ਕਵੀ ਕਿਹਾ ਜਾਂਦਾ ਹੈ। ਉਸ ਨੇ ਹਮੇਸ਼ਾ ਹੀ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਦਬੇ-ਕੁਚਲੇ ਵਰਗ ਕਿਹਾ ਜਾਂਦਾ ਹੈ।

ਅੱਜ ਵੀ ਪਾਸ਼ ਦੀਆਂ ਰਚਨਾਵਾਂ ਹਰ ਧੱਕੇ ਖਿਲਾਫ਼ ਸੰਘਰਸ਼ ਕਰਨ ਦਾ ਰਾਹ ਦਿਖਾਉਂਦੀਆਂ ਹਨ। ਉਸ ਦੀਆਂ ਕਿਤਾਬਾਂ ਅੱਜ ਵੀ ਪ੍ਰਸਿੱਧ ਹਨ। ਪਾਸ਼ ਦੀ ਸ਼ਹਾਦਤ ਤੋਂ ਏਨੇ ਸਾਲ ਬਾਅਦ ਵੀ ਪਾਠਕ ਉਸ ਦੀਆਂ ਕਿਤਾਬਾਂ ਪੜ੍ਹਦੇ ਹਨ।

23 ਮਾਰਚ 1988 ਨੂੰ ਆਪਣੇ ਹੀ ਪਿੰਡ ਵਿਚ ਸ਼ਹੀਦ ਹੋਇਆ ਪਾਸ਼ ਆਪਣੀਆਂ ਕਵਿਤਾਵਾਂ ਰਾਹੀਂ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿਚ ਜਿਉਂਦਾ ਹੈ। •

---

# ਗਲੀ ਦਾ ਕੁੱਤਾ

• ਰਣਜੀਤ ਸਿੰਘ 'ਰਾਏ'

**ਜਾਇਦਾਦ ਦੇ ਮੋਹ 'ਚ ਇਹ ਰਿਸ਼ਤੇ ਨਿਭਾਈ ਜਾਣਗੇ, ਨਹੀਂ ਤਾਂ ਸਾਡੀ ਹਾਲਤ ਗਲੀ ਦੇ ਕੁੱਤੇ ਵਰਗੀ ਹੋ ਜਾਊ, ਜੋ ਰੋਟੀ ਦੀ ਝਾਕ ਵਿਚ ਘਰ-ਘਰ ਦੇ ਗੇੜੇ ਕੱਢਦਾ ਏ। ਜਿਸ ਨੂੰ ਕਿਸੇ ਘਰੋਂ ਹੀ ਬਚੀ-ਖੁਚੀ ਰੋਟੀ ਦਾ ਟੁਕੜਾ ਨਸੀਬ ਹੁੰਦਾ ਏ...**




ਸਵੇਰ ਦੇ 11 ਵੱਜ ਚੁੱਕੇ ਸਨ ਪਰ ਦਰਵਾਜ਼ੇ ਕੋਲ ਬੈਠੇ ਬਜ਼ੁਰਗ ਬਿਸ਼ਨੇ ਦੀ ਰੋਟੀ ਹਾਲੇ ਤਕ ਨਹੀਂ ਪਹੁੰਚੀ ਸੀ। ਮਹਿਲ ਵਰਗੀ ਕੋਠੀ ਅੰਦਰੋਂ ਟੀ.ਵੀ. ਦੀ ਉੱਚੀ ਆਵਾਜ਼ ਆ ਰਹੀ ਸੀ, ਵਿਚ-ਵਿਚ ਟੀ.ਵੀ. ਦੇ ਕਿਸੇ ਸੀਨ ਉੱਪਰ ਹੱਸਦਾ ਪਰਿਵਾਰ ਵੀ ਸੁਣਾਈ ਦਿੰਦਾ ਸੀ। ਗਲੀ ਦਾ ਕੁੱਤਾ ਘਰ ਦੇ ਅੰਦਰ ਵੜਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਬਿਸ਼ਨੇ ਨੇ ਸੋਟੀ ਦਾ ਖੜਾਕ ਕਰਕੇ ਉਸ ਨੂੰ ਭਜਾ ਦਿੱਤਾ ਸੀ।

ਉਗਲਾਂ ਦੇ ਪੋਟਿਆਂ 'ਤੇ ਬਿਸ਼ਨੇ ਨੇ ਗਿਣਤੀ ਕੀਤੀ, ਕਰਤਾਰੋ ਤੇ ਉਸ ਦੇ ਵਿਆਹ ਨੂੰ ਸਾਢੇ ਚਾਰ ਦਹਾਕੇ ਦਾ ਸਮਾਂ ਹੋ ਗਿਆ ਸੀ। ਉਨ੍ਹਾਂ ਦੇ ਵਿਆਹ ਤੋਂ ਤਿੰਨ ਸਾਲ ਬਾਅਦ ਵੱਡਾ ਪੁੱਤਰ ਬਲਦੇਵ ਜਨਮਿਆਂ ਤੇ ਉਸ ਤੋਂ ਦੋ ਸਾਲ ਬਾਅਦ ਪ੍ਰੀਤਮ। ਦੋਵਾਂ ਜੀਆਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਪੁੱਤਰਾਂ ਨੂੰ ਖੇਤੀ ਦੇ ਕੰਮ ਵਿਚ ਨਹੀਂ ਲ਼ਾਉਣਗੇ ਤੇ ਸਿਰਫ਼ ਉਨ੍ਹਾਂ ਦੀ ਪੜ੍ਹਾਈ 'ਤੇ ਜ਼ੋਰ ਦੇਣਗੇ। ਦੋਵਾਂ ਦੀ ਚੰਗੀ ਸੋਚ ਕਾਰਨ ਅੱਜ ਵੱਡਾ ਪੁੱਤਰ ਬਿਜਲੀ ਬੋਰਡ ਵਿਚ ਐਸ.ਡੀ.ਓ ਜਦੋਂ ਕਿ ਛੋਟਾ ਪ੍ਰੀਤਮ ਬੈਂਕ 'ਚ ਮੈਨੇਜਰ ਸੀ।

ਉਦਾਸ ਬੈਠੇ ਬਿਸ਼ਨੇ ਨੂੰ ਯਾਦ ਆਇਆ, ਉਹ ਵੀ ਦਿਨ ਸਨ ਜਦੋਂ ਕਰਤਾਰੋ ਨੇ ਕਦੇ ਰੋਟੀ ਨੂੰ ਅੱਠ ਨਹੀਂ ਸੀ ਵੱਜਣ ਦਿੱਤੇ। ਚੁੱਲ੍ਹੇ-ਚੌਂਕੇ ਤੋਂ ਲੈ ਕੇ ਪਸ਼ੂਆਂ ਤਕ ਦਾ ਸਾਰਾ ਕੰਮ ਆਪ ਕਰਦੀ ਸੀ। ਹੱਥ ਇੰਨਾ ਤੇਜ਼ ਸੀ ਕਿ ਤਿੰਨ ਜ਼ਨਾਨੀਆਂ ਦਾ ਕੰਮ ਇਕੱਲੀ ਕਰ ਛੱਡਦੀ ਸੀ। ਕਰਤਾਰੋ ਦੇ ਸਾਥ ਨਾਲ ਹੀ ਤਾਂ ਉਹ ਉੱਡਿਆ ਫਿਰਦਾ ਸੀ। ਪੰਜ-ਛੇ ਮੱਝਾਂ, ਇਕ ਬਲਦਾਂ ਦੀ ਜੋੜੀ ਤੇ ਹੋਰ ਕੱਟਰੂ-ਵੱਛਰੂ ਮਿਲਾ ਕੇ ਬਾਰਾਂ ਪਸ਼ੂ ਹੋ ਜਾਂਦੇ ਸਨ। ਪਰ ਕਰਤਾਰੋ ਨੇ ਕਦੇ ਕਿਸੇ ਕੰਮ ਵਾਲੀ ਨੂੰ ਨਹੀਂ ਰੱਖਿਆ ਸੀ। ਘਰ ਦਾ ਸਾਰਾ ਖ਼ਰਚ ਪਸ਼ੂਆਂ ਦੇ ਦੁੱਧ ਤੋਂ ਚਲਦਾ ਸੀ। ਬਿਸ਼ਨੇ ਕੋਲ ਆਪਣੀ 25 ਬਿੱਘੇ ਜ਼ਮੀਨ ਸੀ। ਖੇਤੀ ਦਾ ਕੰਮ ਉਹ ਇਕੱਲਾ ਹੀ ਸੰਭਾਲੀ ਫਿਰਦਾ ਸੀ। ਹਾੜ੍ਹੀ-ਸਾਉਣੀ ਕੰਮ ਜ਼ਿਆਦਾ ਹੋ ਜਾਂਦਾ ਤਾਂ ਉਹ ਮੋਦਨ ਨੂੰ ਆਪਣੇ ਨਾਲ ਲਗਾ ਲੈਂਦਾ। ਮੋਦਨ ਨਾਲ ਉਸ ਦਾ ਦਿਲੋਂ ਪਿਆਰ ਵੀ ਸੀ। ਦੋਵਾਂ ਦੀ ਸਾਲਾਂ ਦੀ ਯਾਰੀ ਸੀ। ਇਕ-ਦੂਸਰੇ ਦੀ ਮੱਦਦ ਕਰਨ ਸਮੇਂ ਉਨ੍ਹਾਂ ਨੇ ਕਦੇ ਹਿਸਾਬ-ਕਿਤਾਬ ਨਹੀਂ ਸੀ ਰੱਖਿਆ। ਬਿਸ਼ਨੇ ਅਤੇ ਕਰਤਾਰੋ ਦੀ ਮਿਹਨਤ ਕਰਕੇ ਹੀ ਉਹ 100 ਬਿੱਘੇ ਤੋਂ ਉੱਪਰ ਦੇ ਮਾਲਿਕ ਬਣ ਗਏ ਸਨ।

ਕੁੱਤੇ ਦੇ ਦੁਬਾਰਾ ਅੰਦਰ ਵੜਨ ਨਾਲ ਬਿਸ਼ਨੇ ਦੀ ਸੋਚਾਂ ਦੀ ਲੜੀ ਟੁੱਟੀ। ਜਿਉਂ ਹੀ ਬਿਸ਼ਨੇ ਨੇ ਸੋਟੀ ਉੱਪਰ ਕੀਤੀ ਕੁੱਤਾ ਕੰਨ ਨੀਵੇਂ ਕਰਕੇ ਵਾਪਸ ਮੁੜ ਗਿਆ। ਪਿਛਾਂਹ ਕੋਠੀ ਵੱਲ ਨਿਗ੍ਹਾ ਮਾਰੀ ਪਰ ਰੋਟੀ ਲੈ ਕੇ ਆਉਂਦਾ ਕੋਈ ਨਾ ਦਿਸਿਆ। 'ਆਹ ਦਿਨ ਵੀ ਵੇਖਣੇ ਸਨ। ਕਮਜ਼ੋਰ ਸਰੀਰ ਨਾਲ ਭੁੱਖ ਜਰਨੀ ਵੀ ਔਖੀ ਏ'! ਸੋਚਦਾ-ਸੋਚਦਾ ਉਹ ਫਿਰ ਅਤੀਤ 'ਚ ਪਹੁੰਚ ਗਿਆ।

ਕਿਵੇਂ ਇਕ ਵਾਰੀ ਨਰਮਾ ਗੁੱਡਦੇ ਮੋਦਨ ਨੇ ਉਸ ਨੂੰ ਕਿਹਾ ਸੀ 'ਵੇਖੀਂ ਬਿਸ਼ਨਿਆਂ! ਕਿਤੇ ਆਪਣੇ ਜਿਉਂਦੇ-ਜੀਅ ਸਾਰੀ ਕਮਾਈ ਪੁੱਤਰਾਂ ਦੇ ਹੱਥ ਨਾ ਦੇ ਦੇਵੀਂ। ਜਾਇਦਾਦ ਦੇ ਮੋਹ 'ਚ ਇਹ ਰਿਸ਼ਤੇ ਨਿਭਾਈ ਜਾਣਗੇ, ਨਹੀਂ ਤਾਂ ਬਾਅਦ ਵਿਚ ਸਾਡੀ ਹਾਲਤ ਗਲੀ ਦੇ ਕੁੱਤੇ ਵਰਗੀ ਹੋ ਜਾਊ, ਜੋ ਰੋਟੀ ਦੀ ਝਾਕ ਵਿਚ ਘਰ-ਘਰ ਦੇ ਗੇੜੇ ਕੱਢਦਾ ਏ। ਕਿਤੋਂ ਸੋਟੀ ਵਜਦੀ ਏ, ਕਿਤੋਂ ਰੋੜਾ। ਕਿਸੇ ਘਰੋਂ ਹੀ ਬਚੀ-ਖੁਚੀ ਰੋਟੀ ਦਾ ਟੁਕੜਾ ਨਸੀਬ ਹੁੰਦਾ ਏ'। ਉਸ ਨੇ ਮੋਦਨ ਦੀ ਇਹ ਗੱਲ ਯਾਦ ਰੱਖੀ ਸੀ।

ਸਮੇਂ ਦੇ ਗੇੜ ਨਾਲ ਦੋਵੇਂ ਜੀਅ ਬੁਢਾਪੇ 'ਚ ਪਹੁੰਚ ਚੁੱਕੇ ਸਨ। ਬਿਸ਼ਨੇ ਨੇ ਕੰਮ ਛੱਡ ਦਿੱਤਾ ਸੀ ਜਾਂ ਕਹੀਏ ਛੁੱਟ ਗਿਆ ਸੀ। ਭਾਵੇਂ ਦੋਵੇਂ ਪੁੱਤਰ ਉਨ੍ਹਾਂ ਦੀ ਸੰਭਾਲ ਕਰਦੇ ਸਨ ਪਰ ਇਸ ਪਿੱਛੇ ਲੁਕੀ ਮਨਸ਼ਾ ਨੂੰ ਕਰਤਾਰੋ ਨਹੀਂ ਜਾਣਦੀ ਸੀ। ਹੌਲੀ-ਹੌਲੀ ਉਨ੍ਹਾਂ ਨੇ ਆਪਣੀ ਮਾਂ ਕਰਤਾਰੋ ਨੂੰ ਸਾਰੀ ਜ਼ਮੀਨ ਨਾਂ ਕਰਨ ਲਈ ਮਨਾ ਲਿਆ ਸੀ। ਜਦੋਂ ਉਸ ਨੇ ਗੱਲ ਕੀਤੀ ਤਾਂ ਬਿਸ਼ਨੇ ਨੇ ਕੋਰੀ ਨਾਂਹ ਕਰ ਦਿੱਤੀ ਸੀ।

'ਕਰਤਾਰੀਏ ਤੂੰ ਨੀ, ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ। ਇਹ ਹੁਣ ਜੋ ਥੋੜ੍ਹੀ-ਬਹੁਤੀ ਆਪਣੀ ਸੇਵਾ ਕਰਦੇ ਨੇ ਇਹ ਜ਼ਮੀਨ ਕਰਕੇ ਹੀ ਆ। ਬਾਅਦ 'ਚ ਆਪਾਂ ਰੋਟੀ ਨੂੰ ਵੀ ਤਰਸਾਗੇ'।

ਪਰ ਪੁੱਤਰਾਂ ਦਾ ਮੋਹ ਕਰਦੀ ਕਰਤਾਰੋ ਨੂੰ ਇਹ ਗੱਲ ਚੰਗੀ ਨਹੀਂ ਲੱਗੀ ਸੀ।

'ਲੈ, ਐਂ ਕਿਵੇਂ ਸੇਵਾ ਨੀ ਕਰਨਗੇ ? ਇਨ੍ਹਾਂ ਨੂੰ ਪੜ੍ਹਾਇਆ-ਲਿਖਾਇਆ। ਨੌਕਰੀ 'ਤੇ ਲਵਾਇਆ, ਵਿਆਹ ਕੀਤੇ। ਹੱਡ-ਭੰਨ ਕੇ ਜ਼ਮੀਨ-ਜਾਇਦਾਦ ਬਣਾ ਕੇ ਦਿੱਤੀ। ਕਿਵੇਂ ਨੀ ਸੰਭਾਲਣਗੇ'?

ਆਖ਼ਰ ਘਰਵਾਲੀ ਦੀ ਜਿੱਦ ਅੱਗੇ ਬਿਸ਼ਨੇ ਨੂੰ ਝੁਕਣਾ ਪਿਆ। ਸਭ ਕੁਝ ਪੁੱਤਰਾਂ ਦੇ ਨਾਂ ਲਵਾ ਦਿੱਤਾ। ਪਰ ਜਿਸ ਗੱਲ ਦਾ ਡਰ ਸੀ ਉਹ ਹੌਲੀ-ਹੌਲੀ ਪੂਰੀ ਹੋ ਰਹੀ ਸੀ। ਜਾਇਦਾਦ ਮਿਲਦੇ ਹੀ ਉਨ੍ਹਾਂ ਦੇ ਰੰਗ-ਢੰਗ ਬਦਲ ਗਏ ਸਨ। ਦੋਵੇਂ ਪੁੱਤਰਾਂ ਲਈ ਉਹ ਹੁਣ ਵਾਧੂ ਦਾ ਬੋਝ ਬਣ ਕੇ ਰਹਿ ਗਏ ਸਨ। ਕੋਈ ਵੀ ਆਪਣੇ ਨਾਲ ਰੱਖਣ ਲਈ ਤਿਆਰ ਨਹੀਂ ਸੀ। ਵਾਰੀ ਬੰਨ੍ਹੀ ਹੋਈ ਸੀ, ਇਕ ਮਹੀਨਾ ਵੱਡੇ ਕੋਲ ਤੇ ਇਕ ਮਹੀਨਾ ਛੋਟੇ ਕੋਲ।

ਕਰਤਾਰੋ ਨੂੰ ਇਹ ਝੋਰਾ ਲੈ ਬੈਠਾ ਸੀ ਕਿ ਉਸ ਨੇ ਜਾਇਦਾਦ ਪੁੱਤਰਾਂ ਨੂੰ ਦੇਣ ਲਈ ਬਿਸ਼ਨੇ ਨੂੰ ਮਜ਼ਬੂਰ ਕੀਤਾ ਸੀ। ਇਸ ਨੂੰ ਉਹ ਗ਼ਲਤੀ ਨਹੀਂ ਗੁਨਾਹ ਮੰਨ ਬੈਠੀ ਸੀ। ਇਸ ਪਛਤਾਵੇ ਦੇ ਚੱਕਰ 'ਚ ਜਹਾਨੋਂ ਰੁਖ਼ਸਤ ਹੋ ਗਈ।

ਕੁੱਤਿਆਂ ਦੇ ਭੌਂਕਣ ਨਾਲ ਬਿਸ਼ਨਾ ਅਤੀਤ ਤੋਂ ਜਾਗਿਆ। ਗਲੀ ਦਾ ਕੁੱਤਾ ਫਿਰ ਅੰਦਰ ਵੜਨ ਲੱਗਿਆ। ਪਰ ਇਸ ਵਾਰ ਉਸ ਨੇ ਨਾ ਰੋਕਿਆ। ਕੁੱਤਾ ਬਿਸ਼ਨੇ ਵੱਲ ਵੇਖਦਾ-ਵੇਖਦਾ ਅੰਦਰ ਲੰਘ ਗਿਆ। •

ਮੋਬਾਈਲ : 94630-90470

---

# ਨਿੱਜੀ ਅਨੁਭਵ ਦੀ ਅਗਾਂਹਵਧੂ ਪੁਸਤਕ ਸ਼ੇਰਨੀ ਦਾ ਦੁੱਧ




ਡਾ. ਦਵਿੰਦਰ ਮੰਡ
ਮੋਬਾਈਲ : 99145-65255

ਬਹੁਤ ਘੱਟ ਪ੍ਰਸ਼ਾਸ਼ਨਿਕ ਅਧਿਕਾਰੀ ਹਨ ਜੋ ਸਾਹਿਤ ਦੀ ਓਟ ਲੈ ਕੇ ਸਮਾਜ ਦੀ ਸੇਵਾ ਲਈ ਯਤਨਸ਼ੀਲ ਰਹੇ ਹਨ। ਸਵਰਗੀ ਡਾ. ਮਹਿੰਦਰ ਸਿੰਘ ਰੰਧਾਵਾ, ਸਵਰਗੀ ਅਮਰੀਕ ਸਿੰਘ ਪੂੰਨੀ, ਭੁਪਿੰਦਰ ਸਿੰਘ ਆਈ. ਏ. ਐੱਸ ਆਦਿ ਨੇ ਪੰਜਾਬੀ ਸਾਹਿਤ ਲਈ ਵਡਮੁੱਡਾ ਯੋਗਦਾਨ ਪਾਇਆ ਹੈ। ਸ. ਐੱਨ. ਐੱਸ. ਰਤਨ, ਜੀ. ਕੇ. ਸਿੰਘ ਅਤੇ ਕੁਝ ਕੁ ਪੁਲਿਸ ਅਧਿਕਾਰੀ ਅੱਜ ਵੀ ਪੰਜਾਬੀ ਸਾਹਿਤ ਦੀ ਨਿਰੰਤਰ ਸੇਵਾ ਕਰ ਰਹੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਸੇਵਾ ਮੁਕਤੀ ਤੋਂ ਬਾਅਦ ਤਾਂ ਸਭ ਲਿਖ ਲੈਂਦੇ ਹਨ ਪਰ ਸੇਵਾ 'ਚ ਰਹਿੰਦਿਆਂ ਲਿਖਣਾ ਸ਼ੇਰਨੀ ਦਾ ਦੁੱਧ ਪੀਣ ਵਾਂਗ ਔਖਾ ਹੈ। ਸ੍ਰੀ ਸੁੱਚਾ ਰਾਮ ਲੱਧੜ ਅਜਿਹੇ ਉੱਚ ਅਧਿਕਾਰੀ ਹਨ ਜਿਹੜੇ ਪ੍ਰਸ਼ਾਸਨ 'ਚ ਹੁੰਦਿਆਂ, ਦਲਿਤ ਜੀਵਨ 'ਚ ਪੈਦਾ ਹੋ ਕੇ ਆਪਣੇ ਨਿੱਜੀ ਅਨੁਭਵਾਂ ਨਾਲ ਸੱਚ ਦੀ ਕਲਮ ਚਲਾ ਰਹੇ ਹਨ। ਅਜੋਕੀ ਭ੍ਰਿਸ਼ਟ ਰਾਜਨੀਤੀ, ਅਫ਼ਸਰਸ਼ਾਹੀ, ਰਿਸ਼ਵਤਖੋਰੀ ਦੀ ਬਲਦੀ ਭੱਠੀ ਵਿਚੋਂ ਵੱਖਰੇ ਹੋ ਬੇਬਾਕੀ ਨਾਲ ਲਿਖਣਾ ਬੁਲੰਦ ਹੌਸਲੇ ਦਾ ਹੀ ਕਾਰਜ ਹੈ। ਇਕ ਗਿਆਨਵਾਨ ਮਨੁੱਖ ਹੀ ਜ਼ਿੰਦਗੀ ਨੂੰ ਨੇੜੇ ਤੋਂ ਦੇਖ ਸਕਦਾ ਹੈ। ਡਾ. ਬੀ. ਆਰ. ਅੰਬੇਡਕਰ ਦਾ ਕਥਨ ਹੈ, 'ਗਿਆਨ ਸ਼ੇਰਨੀ ਦਾ ਉਹ ਦੁੱਧ ਹੈ ਜਿਹੜਾ ਪੀਵੇਗਾ, ਸੋ ਦਹਾੜੇਗਾ।' ਇਸ ਵਿਚਾਰ 'ਤੇ ਪੁਸਤਕ ਦਾ ਨਾਮਕਰਣ ਕੀਤਾ ਗਿਆ ਹੈ। ਸਮੁੱਚੀ ਪੁਸਤਕ ਪੜ੍ਹਨ ਉਪਰੰਤ ਲੇਖਕ ਦੇ ਜੀਵਨ, ਪ੍ਰਸਥਿਤੀਆਂ, ਅੱਗੇ ਵਧਣ ਦੀ ਖ਼ਾਹਿਸ, ਭ੍ਰਿਸ਼ਟ ਸਮਾਜ ਅਤੇ ਰਾਜਨੀਤੀ, ਸਿਫ਼ਾਰਸਵਾਦ, ਹੈਵਾਨੀਅਤ ਅਤੇ ਕਰਮਸ਼ੀਲਤਾ ਦੀਆਂ ਵੱਖੋ-ਵੱਖਰੀਆਂ ਪਰਤਾਂ ਉਜਾਗਰ ਹੁੰਦੀਆਂ ਹਨ।

ਮਾਤਾ ਸਵਰਨੀ ਵਰਗੀ ਸ਼ੇਰਨੀ ਦਾ ਦੁੱਧ ਪੀਣ ਵਾਲੇ ਐੱਸ. ਆਰ. ਲੱਧੜ ਦਾ ਜਨਮ ਜਲੰਧਰ (ਹੁਣ ਨਵਾਂ ਸ਼ਹਿਰ) ਦੇ ਪਿੰਡ 'ਗਦਾਨੀ' ਵਿਖੇ ਕਰਮਯੋਗੀ ਸ੍ਰੀ ਪਿਆਰਾ ਰਾਮ ਦੇ ਘਰ ਹੋਇਆ। ਆਪਣੀ ਮਿਹਨਤ ਸਦਕਾ ਥਾਪਰ ਕਾਲਜ ਪਟਿਆਲਾ ਤੋਂ ਬੀ. ਟੈੱਕ. ਕਰਨ ਉਪਰੰਤ ਸਿੰਚਾਈ ਵਿਭਾਗ ਵਿਚ ਐੱਸ. ਡੀ. ਓ. ਦੇ ਅਹੁਦੇ 'ਤੇ ਰਹਿੰਦਿਆਂ ਲਗਨ ਅਤੇ ਸਖ਼ਤ ਮਿਹਨਤ ਨਾਲ ਆਈ. ਏ. ਐੱਸ. ਬਣੇ। 'ਸ਼ੇਰਨੀ ਦਾ ਦੁੱਧ' ਪੁਸਤਕ ਵਿਚ ਲਗਭਗ ਪੈਂਤੀ ਆਰਟੀਕਲ (ਮਿਡਲ) ਹਨ। ਪੁਸਤਕ ਦੇ ਪ੍ਰਕਾਸ਼ਕ ਨੇ ਵੀ ਇਨ੍ਹਾਂ ਮਿਡਲਾਂ ਨੂੰ ਬੜੀ ਨੀਝ ਨਾਲ ਛਾਪਿਆ ਹੈ।

ਸ੍ਰੀ ਲੱਧੜ ਸੇਵਾ 'ਚ ਹੁੰਦਿਆਂ ਮੰਤਰੀਆਂ, ਅਫ਼ਸਰਾਂ ਅਤੇ ਹੋਰ ਸਥਾਨਾਂ ਆਦਿ ਨਾਮ ਲਏ ਬਿੰਨਾਂ ਸਮਾਜ 'ਚ ਸਕਾਰਾਤਮਿਕ ਕਾਰਜਾਂ ਲਈ, ਲੋਕਾਂ ਨੂੰ ਪਿਆਰ ਨਾਲ ਇਕੱਠੇ ਕਰਕੇ ਇਕ ਟੀਮ ਦੀ ਤਰ੍ਹਾਂ ਕੰਮ ਕਰਵਾਉਂਦੇ ਹਨ। 'ਦਲਿਤਾਂ ਦੀ ਦਲਦਲ' ਮਿਡਲ ਵਿਚ ਬਠਿੰਡਾ ਜ਼ਿਲ੍ਹੇ ਦੇ ਗ਼ਰੀਬ ਦਲਿਤ ਪਰਿਵਾਰ ਦੀ ਦਾਸਤਾਨ ਨੂੰ ਬਿਆਨ ਕੀਤਾ ਗਿਆ ਹੈ। ਜੇ ਲੇਖਕ ਕੋਲ ਮਾਂ, ਧੀ ਦਾ ਕੇਸ ਨਾ ਜਾਂਦਾ, ਇਹ ਵੀ ਆਮ ਕੇਸਾਂ ਵਾਂਗ ਸਿਫ਼ਾਰਸਵਾਦ ਦੀ ਭੇਂਟ ਚੜ੍ਹ ਜਾਣਾ ਸੀ। ਅਧੇੜ ਉਮਰ ਦੇ ਲੰਬੜਦਾਰ ਦੇ ਘਰ ਗੂਹਾ-ਕੂੜਾ ਕਰਦੀਆਂ ਮਾਂ, ਧੀ ਜ਼ਿੰਦਗੀ ਨੂੰ ਚਲਾ ਰਹੀਆਂ ਸਨ। ਅਚਾਨਕ ਮਾਂ ਦੀ ਗ਼ੈਰ-ਮੌਜੂਦਗੀ ਵਿਚ ਲੰਬੜਦਾਰ ਮਾਸੂਮ ਬਾਲੜੀ ਨਾਲ ਕੁਕਰਮ ਕਰਦਾ ਹੈ। ਮਾਂ ਧੀ ਦੀ ਗੱਲ ਸੁਣ ਲੇਖਕ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। 'ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇਸ਼ ਵਿਚ ਜਿਸ ਦਾ ਸੰਵਿਧਾਨ ਇਕ ਦਲਿਤ ਨੇ ਬਣਾਇਆ ਹੋਵੇ, ਵਿਚ ਦਲਿਤ ਨੂੰ ਇਨਸਾਫ਼ ਨਹੀਂ ਮਿਲ ਰਿਹਾ।' ਲੇਖਕ ਪੂਰੀ ਤਨਦੇਹੀ ਨਾਲ ਫ਼ਰਜ਼ ਨਿਭਾਉਂਦਾ ਹੋਇਆ ਮੁਜ਼ਰਮ ਨੂੰ ਸਜ਼ਾ ਦਿਵਾਉਂਦਾ ਹੈ। ਇਸੇ ਤਰ੍ਹਾਂ 'ਅੱਧ ਦੀ ਖੇਤੀ ਪੂਰੀ ਫ਼ਸਲ' ਵਿਚ ਲੇਖਕ ਬਚਪਨ ਦੇ ਦਿਨਾਂ ਨੂੰ ਮਨ ਦੀ ਅਮੀਰੀ ਨਾਲ

**ਪੁਸਤਕ ਚਰਚਾ**




ਤੁਲਨਾ ਦਿੰਦਾ ਹੈ ਅਤੇ ਜ਼ਿੰਦਗੀ ਵਿਚ 'ਰਾਤਾਂ' ਦੇ ਰੋਲ਼ ਨੂੰ ਮਹੱਤਵ ਦਿੰਦਾ ਹੈ। ਲੇਖਕ ਦੇ ਅਨੁਸਾਰ, 'ਮੈਨੂੰ ਬੀਬੀ ਉਸ ਵੇਲ ਵਾਂਗ ਲਗਦੀ ਸੀ ਜੋ ਬੰਜ਼ਰ ਜ਼ਮੀਨ ਵਿਚ ਉੱਗਣ ਦੇ ਬਾਵਜੂਦ ਇੱਧਰ-ਉੱਧਰ ਦੇ ਬੂਟਿਆਂ ਦੇ ਤਣਿਆਂ ਦਾ ਸਹਾਰਾ ਲੈ ਕੇ ਫੁੱਲਾਂ ਨੂੰ ਆਪਣੀ ਟੀਸੀ ਤਕ ਪਹੁੰਚਾ ਦਿੰਦੀ ਹੈ। ਪੁਰਾਣੀਆਂ ਪੁਸਤਕਾਂ ਨੂੰ ਪੜ੍ਹ ਪੌੜੀ-ਦਰ-ਪੌੜੀ ਚੜ੍ਹਦਾ ਲੇਖਕ ਕਹਿੰਦਾ ਹੈ, 'ਬੀਬੀ ਨੇ ਪੜ੍ਹਾਈ ਲਈ ਕਿਤਾਬਾਂ ਭਾਂਵੇਂ ਪੁਰਾਣੀਆਂ ਹੀ ਲੈ ਕੇ ਦਿੱਤੀਆਂ ਪਰ ਜ਼ਿੰਦਗੀ ਅਤੇ ਉਸ ਦੇ ਅਰਥ ਨਵੇਂ ਦਿੱਤੇ। 'ਪਿੰਡ ਦਾ ਡਾਕੀਆ' ਮਿਡਲ ਵਿਚ ਇਕ ਅਜਿਹੇ ਕਰੱਤਵ ਦੀ ਗੱਲ ਕੀਤੀ ਗਈ ਹੈ ਜਿਸ ਉੱਪਰ ਕਿਸੇ ਬੰਦੇ ਦਾ ਭਵਿਖ ਟਿਕਿਆ ਹੋਇਆ ਹੈ। ਲੇਖਕ ਦੀ ਜ਼ਿੰਦਗੀ ਵਿਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਦੋਂ ਡਾਕੀਆ ਜ਼ਰੂਰੀ ਪੱਤਰਾਂ ਨੂੰ ਲੇਖਕ ਤਕ ਪਹੁੰਚਾਉਣ ਵਿਚ ਕੰਨੀਂ ਕਤਰਾਉਂਦਾ ਰਿਹਾ। ਲੇਖਕ ਅਜਿਹੇ ਕੁਤਾਹੀਕਾਰ ਬਾਰੇ ਆਖਦਾ ਹੈ, 'ਮੈਨੂੰ ਪਿੰਡ ਦਾ ਡਾਕੀਆ ਕਈ ਵਾਰ ਛੱਪੜ ਦੇ ਝੋਟੇ ਵਾਂਗ ਲੱਗਿਆ ਜੋ ਪਾਣੀ ਵਿਚੋਂ ਨਿਕਲਣ ਦਾ ਨਾਂ ਨਹੀਂ ਲੈਂਦਾ। ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਕੋਲ ਆਈ ਚਿੱਠੀ ਕਿਸੇ ਦੀ ਜ਼ਿੰਦਗੀ ਵਿਚ ਕੀ ਮਹੱਤਵ ਰੱਖਦੀ ਹੈ। ਭਾਵੇਂ ਮੈਂ ਆਪਣੀ ਮਾਤਾ ਜੀ ਦੀ ਸਮਝਦਾਰੀ ਅਤੇ ਦੂਰ-ਅੰਦੇਸ਼ੀ ਕਾਰਨ ਥਾਪਰ ਕਾਲਜ 'ਚ ਦਾਖਲਾ ਲੈ ਕੇ ਆਪਣੀ ਮੰਜ਼ਿਲ ਪਾ ਲਈ ਪਰ ਅਜਿਹੇ ਡਾਕੀਏ ਕਿੰਨੇ ਲੋਕਾਂ ਦੀ ਮੰਜ਼ਿਲ ਵਿਚ ਰੋੜੇ ਬਣੇ ਹੋਣਗੇ ਪਤਾ ਨਹੀਂ।' (ਪੰਨਾ 25 )

ਪੁਸਤਕ ਵਿਚ ਕੁਝ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਲੇਖਕ ਆਪਣੀ ਚੇਤਨਤਾ ਨਾਲ ਸਮਾਨਤਾ ਦਾ ਰਾਹ ਦੱਸਦਾ ਹੈ। ਚਾਹੇ ਉਹ ਡੇਰਿਆਂ 'ਤੇ ਹੁੰਦੇ ਦਲਿਤਾਂ ਨਾਲ ਵਿਤਕਰੇ ਹੋਣ, ਚਾਹੇ ਆੜ੍ਹਤੀਆਂ, ਕਿਸਾਨਾਂ ਨਾਲ ਹੁੰਦੀ ਬੇ-ਇੱਜ਼ਤੀ ਹੋਵੇ। ਲੇਖਕ ਬਠਿੰਡੇ ਜ਼ਿਲ੍ਹੇ ਦੇ ਇਕ ਪਿੰਡ ਦੇ ਡੇਰੇ 'ਤੇ ਸਮੇਤ ਐੱਸ. ਐੱਸ. ਪੀ. ਤੇ ਐੱਮ. ਐੱਲ. ਏ. ਨਾਲ ਜਾਂਦਾ ਹੈ। ਡੇਰੇ ਅੰਦਰ ਦਲਿਤਾਂ ਦੇ ਜਾਣ ਦੀ ਮਨਾਹੀ ਸੀ। ਇਹ ਗੱਲ ਲੇਖਕ ਨੂੰ ਅਥਾਹ ਪ੍ਰੇਸ਼ਾਨ ਕਰਦੀ ਹੈ। ਆਪਣੀ ਬੁੱਧੀ ਅਤੇ ਦੂਰ-ਅੰਦੇਸ਼ੀ ਨਾਲ ਲੇਖਕ ਇਸ ਮਾੜੀ ਪਿਰਤ ਦਾ ਸਫ਼ਾਇਆ ਕਰਦਾ ਹੈ। ਲੇਖਕ ਆਪਣੀ ਜਾਤੀ ਰਾਇ ਦੱਸਦਾ ਕਹਿੰਦਾ ਹੈ ਕਿ ਚੰਗੇ ਅਫ਼ਸਰ ਸਮਾਜ ਵਿਚ ਅਤੇ ਸਿਆਸੀ ਲੋਕਾਂ ਵਿਚ ਸਮੇਂ ਦੇ ਨਾਲ ਇੱਜ਼ਤ ਪਾਉਂਦੇ ਹਨ। 'ਇੰਜ ਥੋੜ੍ਹੀ ਹੁੰਦਾ' ਲੇਖ ਵਿਚ ਸਭ ਸਿਫ਼ਾਰਸਾਂ ਨੂੰ ਲਾਂਭੇ ਕਰਕੇ ਲੇਖਕ ਅਸਲ ਹੱਕਦਾਰ ਨੂੰ ਹੱਕ ਦਿਵਾਉਂਦਾ ਹੈ। ਇਸੇ ਤਰ੍ਹਾਂ 'ਚਿੱਟੇ ਲਹੂ ਵਾਲਾ ਪੁੱਤ' ਮਿਡਲ ਵਿਚ ਵੀ ਸੱਚੇ-ਸੁੱਚੇ ਬਾਪ ਨੂੰ ਹੱਕ ਦਿਵਾਇਆ ਜਾਂਦਾ ਹੈ।

ਮਾਤਾ, ਪਿਤਾ ਅਤੇ ਪਤਨੀ ਵਲੋਂ ਲੇਖਕ ਦੀ ਜ਼ਿੰਦਗੀ ਵਿਚ ਜੋ ਅਹਿਮ ਰੋਲ ਨਿਭਾਇਆ ਗਿਆ ਹੈ, ਉਸ ਦਾ ਖ਼ੁਲਾਸਾ ਬੜੀ ਬਾਰੀਕੀ ਨਾਲ ਕੀਤਾ ਗਿਆ ਹੈ। ਲੇਖਕ ਕਿਵੇਂ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਪੜ੍ਹ, ਸਿਰ ਸੁੱਟ ਕੇ ਨਿਰੰਤਰ ਸਾਧਨਾ ਨਾਲ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ। 'ਕਿਹੜਾ ਕਾਨੂੰਨ', 'ਸੋਨੇ 'ਤੇ ਸੁਹਾਗਾ' ਲੇਖਾਂ ਵਿਚ ਲੇਖਕ ਕਾਨੂੰਨ ਤੋਂ ਉੱਪਰ ਉੱਠ ਕੇ ਕੁਝ ਕਾਰਜ ਅਜਿਹੇ ਕਰਦਾ ਹੈ ਜਿਹੜੇ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਹਨ। 'ਬਿਮਾਰ ਹਸਪਤਾਲ' ਅਤੇ 'ਮੋਤੀਆਂ ਵਾਲੀ ਸਰਕਾਰ' ਸਾਡੇ ਭ੍ਰਿਸ਼ਟ ਢਾਂਚੇ 'ਤੇ ਵਿਅੰਗ ਕਰਦਾ ਆਰਟੀਕਲ ਹੈ। ਸਰਕਾਰੀ ਕਰਮਚਾਰੀ ਆਪਣੇ ਆਕਿਆਂ ਦੀ ਸ਼ਹਿ ਅਧੀਨ ਕੀ ਕੁਝ ਕਰਦੇ ਹਨ ਅਤੇ ਇਕ ਜ਼ਿੰਮੇਵਾਰ ਅਫ਼ਸਰ ਕਿਵੇਂ ਉਨ੍ਹਾਂ ਨੂੰ ਧਰਤੀ ਨਾਲ ਜੋੜਦਾ ਹੈ। ਇਨ੍ਹਾਂ ਲੇਖਾਂ ਵਿਚ ਪੇਸ਼ ਹੋਇਆ ਹੈ।

ਸਮੁੱਚੇ ਰੂਪ ਵਿਚ ਪੁਸਤਕ 'ਸ਼ੇਰਨੀ ਦਾ ਦੁੱਧ' ਇਕ ਅਜਿਹਾ ਦਸਤਾਵੇਜ਼ ਹੈ ਜਿਹੜਾ ਪ੍ਰਸ਼ਾਸ਼ਨਿਕ ਸੇਵਾ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੱਲਾ ਸ਼ੇਰੀ ਦਿੰਦਾ ਹੈ ਨਾਲ ਦੀ ਨਾਲ ਹਰ ਵਿਅਕਤੀ ਨੂੰ ਇਕ ਨਵੀਂ ਸੇਧ ਅਤੇ ਪ੍ਰਸ਼ਾਸ਼ਨਿਕ ਖੇਤਰ ਦੀਆਂ ਨਵੀਆਂ ਗੱਲਾਂ ਨਾਲ ਸਾਂਝ ਪੁਆਉਂਦਾ ਹੈ। ਲੇਖਕ ਦਾ ਇਹ ਗੁਣ ਹੈ ਕਿ ਉਸ ਨੇ ਆਪਣੀ ਗੱਲ ਸਮਝਾਉਣ ਲਈ ਸਾਦੀ ਅਤੇ ਸਪੱਸ਼ਟ ਭਾਸ਼ਾ ਦੀ ਵਰਤੋਂ ਕੀਤੀ ਹੈ। ਪੇਂਡੂ ਜੀਵਨ ਵਿਚੋਂ ਲਏ ਪ੍ਰਤੀਕਾਂ ਨੂੰ ਸੁਲਝੇ ਢੰਗ ਨਾਲ ਬਿਆਨਿਆਂ ਹੈ। ਅਸਲ ਵਿਚ ਦਲਿਤ ਚੇਤਨਾ ਦਾ ਆਭਾਸ ਕਰਵਾਉਂਦੀ ਇਹ ਪੁਸਤਕ ਲੇਖਕ ਦੀ ਬੌਧਿਕ ਸੋਚ ਅਤੇ ਨਿੱਜੀ ਅਨੁਭਵ ਦਾ ਪ੍ਰਗਟਾਵਾ ਹੈ। •

---

## ਗ਼ਜ਼ਲਾਂ

ਭਟਕ ਲਿਆ ਬਹੁਤ ਅਤੇ ਭੁਰ ਲਿਆ ਬਥੇਰਾ।
ਸਾਥੋਂ ਹੋਇਆ ਨਾ ਉਗਾ ਕੋਈ ਧੜਕਦਾ ਸਵੇਰਾ।

ਰਹੇ ਸੋਚ ਦੇ ਕਿ ਪੰਧ ਹੋਣਾ ਬਹੁਤ ਹੀ ਲੰਮੇਰਾ।
ਇਹ ਤਾਂ ਔਹ ਗਿਆ ਔਹ ਗਿਆ ਜੋਗੀ ਵਾਲਾ ਫੇਰਾ।

ਸਾਡੇ ਚਾਨਣਾਂ ਨੂੰ ਜੀਰ-ਜੀਰ ਪੀ ਗਿਆ ਹਨੇਰਾ।
ਬੀਜ ਹੌਸਲੇ ਬਚਾਇਆ ਮਸੀਂ ਜੀਉਣ ਜੋਗਾ ਜੇਰਾ।

ਸਾਡੀ ਕਲਪਨਾ ਦਾ ਅੰਬਰੀ ਉਡਾਣ ਜਿੱਡਾ ਘੇਰਾ।
ਅਸੀਂ ਲਹੂ ਨਾਲ ਲਿਖਿਆ ਹੈ ਮਾਨਵੀ ਓਪੇਰਾ।

ਸਾਡੀ ਤੰਦ ਵੀ ਹੈ ਕੱਚੀ, ਸਾਡਾ ਤਨ ਵੀ ਕਚੇਰਾ।
ਉਂਜ ਆਖਦੇ ਨੇ ਲੋਕ ਸਾਨੂੰ ਅੱਖਰ-ਪਕੇਰਾ।

ਰਹੇ ਸੋਚ ਦੇ ਕਿ ਸਮਾਂ ਆਊ ਲਾਜ਼ਮੀ ਚੰਗੇਰਾ।
ਝੁੱਲੂ ਮਾਨਵੀ ਪੈਗਾਮ ਦਿੰਦਾ ਲਾਲ-ਫੁਲੇਰਾ।

ਨਾ ਮੈਂ ਵੱਡਾ ਮਹਿਲਧਾਰੀ, ਨਾ ਮੈਂ ਕਸਬੀ ਲੁਟੇਰਾ।
ਮੇਰਾ ਕਾਵਿਕ ਕਲੋਨੀ ਵਿਚ ਅੱਖਰਾਂ ਦਾ ਡੇਰਾ।

ਉਹ ਹੋਰ ਕੋਈ ਹੋਣਾ ਜਿਹੜਾ ਅਰਸ਼ ਤੋਂ ਉਚੇਰਾ।
ਮੈਂ ਹਾਂ ਕਾਮਾ ਕੁਲਵੰਤ ਸੂਹੇ ਅੱਖਰਾਂ ਦਾ ਕੇਰਾ।



• ਪ੍ਰੋ. ਕੁਲਵੰਤ ਔਜਲਾ, ਫੋਨ ਨੰ. 01822-235343

ਨਾ ਸੋਨਾ ਆਖਿਆ ਕਰ , ਨਾ ਚਾਂਦੀ ਹੀ ਬਣਾ ਮੈਨੂੰ।
ਕਿਤੇ ਮਿੱਟੀ ਮੈਂ ਹੋ ਜਾਵਾਂ, ਨਾ ਬਹੁਤਾ ਭਰਮਾ ਮੈਨੂੰ।

ਗ਼ੈਰਾਂ ਦੇ ਗੁਲਸ਼ਨ 'ਚੋਂ, ਫੁੱਲ ਤੋੜ ਲਿਆਉਂਦਾ ਏਂ,
ਮੇਰਾ ਦਮ ਘੁਟ ਜਾਏਗਾ, ਇਉਂ ਨਾ ਮਹਿਕਾ ਮੈਨੂੰ।

ਝਾਂਜਰ ਵਾਂਗੂ ਰੱਖਦੇ ਹੋ, ਅੱਜ ਵੀ ਔਰਤ ਨੂੰ,
ਲਾ ਠੋਕਰ ਕਹਿੰਦੇ ਹੋ, 'ਛਣਕਾਰ ਸੁਣਾ ਮੈਨੂੰ'।

ਸਾਹ ਮੁੱਕਦੇ ਮੁੱਕ ਜਾਵਣ, ਨਹੀਂ ਝੋਰਾ ਇਸ ਗੱਲ ਦਾ,
ਕਿਸੇ ਹੋਰ ਦੇ ਪੱਲੂ ਦੀ, ਦੇਵੀਂ ਨਾ ਹਵਾ ਮੈਨੂੰ।

ਹੱਦ ਹੁੰਦੀ ਸਿਤਮਾਂ ਦੀ, ਸਬਰਾਂ ਦੀ ਹੱਦ ਕੋਈ ਨਾ,
ਬੇਸ਼ੱਕ ਅਜ਼ਮਾ ਲੈ ਤੂੰ, ਸੂਲੀ 'ਤੇ ਚੜ੍ਹਾ ਮੈਨੂੰ।

ਉਹ ਜਿਗਰ ਦੇ ਜ਼ਖ਼ਮਾਂ 'ਤੇ, ਮਰਹਮ ਤਾਂ ਲਾਉਂਦੈ ਪਰ,
ਵਿਚ ਨਮਕ ਮਿਲਾ ਲੈਂਦੈ, ਲੱਗਦਾ ਨਾ ਪਤਾ ਮੈਨੂੰ।

ਉਸ ਕਾਨੀ ਦਿੱਤੀ ਹੈ, ਇਹ ਜ਼ਿੰਦਗਾਨੀ ਦਿੱਤੀ ਹੈ,
ਕੁਝ ਵਾਪਸ ਲੈ ਗਿਆ ਜੇ, ਕਿਉਂ ਰਹਿੰਦਾ ਗਿਲਾ ਮੈਨੂੰ।

ਹੁਣ ਯਾਦ ਨਾ ਆਇਆ ਕਰ, ਨਾ ਤੜਪਾਇਆ ਕਰ,
ਮੇਰੀਆਂ ਹੀ ਨਜ਼ਰਾਂ 'ਚੋਂ, ਨਾ ਇੰਜ ਗਿਰਾ ਮੈਨੂੰ।

ਕਦੇ ਕਰਦਾ ਦਿਲ ਲਗੀਆਂ, ਕਦੇ ਦੇਂਦਾ ਦਿਲਬਰੀਆਂ,
ਕਮਲੀ ਕਰ ਦੇਵੇਗਾ ਇਹ, ਸਿਲਸਿਲਾ ਮੈਨੂੰ।

ਇਸ ਦਿਲ ਡੁੱਬ ਜਾਣੇ ਨੂੰ, ਲੋਕੀਂ ਦਰਿਆ ਕਹਿੰਦੇ,
ਮੁੱਦਤ ਤੋਂ ਪਿਆਸੀ ਹਾਂ, ਇਕ ਬੂੰਦ ਪਿਆ ਮੈਨੂੰ।

ਸਾਨੂੰ ਲੋਰ ਜਿਹੀ ਰਹਿੰਦੀ, ਕਿਸੇ ਪੀੜ ਅਵੱਲੜੀ ਦੀ,
ਉਹ ਮੁੜ-ਮੁੜ ਪੁੱਛਦਾ ਹੈ, ਕਾਹਦਾ ਹੈ ਨਸ਼ਾ ਮੈਨੂੰ।



• ਪਰਮਜੀਤ ਕੌਰ ਸਰਹਿੰਦ, ਮੋਬਾਈਲ: 98728-98599

ਘੁੰਮ ਨਜ਼ਾਰਾ ਦੇਖਿਆ ਸਾਰੀਆਂ ਥਾਵਾਂ ਦਾ।
ਬਦਲ ਕਿਤੇ ਨਾ ਮਿਲਦਾ ਸਕੀਆਂ ਮਾਵਾਂ ਦਾ।

ਸਿੰਜਣਾ ਪੈਂਦਾ ਹੱਥੀਂ ਲਾਏ ਰੁੱਖਾਂ ਨੂੰ,
ਚਾਹੀਦਾ ਜੇ ਸੁੱਖ ਮਾਨਣਾ ਠੰਢੀਆਂ ਛਾਵਾਂ ਦਾ।

ਮਾੜੇ ਦਿਲ ਦੇ ਮਾਲਕ ਚੰਗਾ ਕਰਦੇ ਨਾ,
ਰੰਗ ਕਦੇ ਨਾ ਹੋਵੇ ਬੱਗਾ ਕਾਵਾਂ ਦਾ।

ਮੁੱਕ ਦੀ ਨਹੀਓਂ ਵਾਟ ਮੁਕਾਉਣੀ ਪੈਂਦੀ ਹੈ,
ਲੱਭਣ ਲਈ ਸਿਰਨਾਵਾਂ ਓਭੜ ਥਾਵਾਂ ਦਾ।

ਜੇ ਹੈ ਪਾਉਣੀ ਮੰਜ਼ਿਲ ਤਾਂ ਫਿਰ ਤੁਰਿਆ ਜਾਹ,
ਸੱਚਾ ਪਾਂਧੀ ਬਣ ਕੇ ਸੁੱਚੀਆਂ ਰਾਹਵਾਂ ਦਾ।

ਕਰ ਲੈ 'ਅਮਨੇ' ਜੋ ਕਰਨਾ ਹੁਣ ਵੇਲਾ ਹੈ,
ਕੁਝ ਪਤਾ ਨਹੀਂ ਆਉਂਦੇ ਜਾਂਦੇ ਸਾਹਵਾਂ ਦਾ।



• ਅਮਨਜੀਤ ਕੌਰ ਸ਼ਰਮਾ

ਖੁਸ਼ਨੁਮਾ ਮੰਜ਼ਰ ਤਾਂ ਹੋਣਾ ਚਾਹੀਦੈ।
ਆਦਮੀ ਦਾ ਘਰ ਤਾਂ ਹੋਣਾ ਚਾਹੀਦੈ।

ਜਿਸ ਜਗ੍ਹਾ ਰਾਹਤ ਪਿਆਸੇ ਨੂੰ ਮਿਲੇ,
ਇੰਜ ਦਾ ਕੋਈ ਦਰ ਤਾਂ ਹੋਣਾ ਚਾਹੀਦੈ।

ਕਿਸ ਤਰ੍ਹਾਂ ਕੱਟੋਗੇ, ਮੋਹ ਦੇ ਜਾਲ ਨੂੰ,
ਕੋਲ ਇਕ ਖੰਜ਼ਰ ਤਾਂ ਹੋਣਾ ਚਾਹੀਦੈ।

ਵੇਦਨਾ ਦਾ ਹੜ੍ਹ ਏਹ ਜਾਵੇਗਾ ਕਿੱਧਰ,
ਇਸ਼ਕ ਦਾ ਸਾਗਰ ਤਾਂ ਹੋਣਾ ਚਾਹੀਦੈ।

ਇਸ ਤਰ੍ਹਾਂ ਸ਼ੈਤਾਨ ਨਾ ਮਨ ਦਾ ਮਰੇ,
ਸਾਫ਼ ਮਨ ਮੰਦਰ ਤਾਂ ਹੋਣਾ ਚਾਹੀਦੈ।

ਦੋਸਤੋ ਜੋ ਬਾਹਰ, ਦਿਸਦਾ ਹੀ ਨਹੀਂ,
ਰੱਬ ਦਿਲ ਅੰਦਰ ਤਾਂ ਹੋਣਾ ਚਾਹੀਦੈ।



• ਰੋਜ਼ੀ ਸਿੰਘ

## ਕਵਿਤਾਵਾਂ

### ਮੋਈਆਂ ਤਿੱਤਲੀਆਂ

ਮੋਈਆਂ ਤਿੱਤਲੀਆਂ ਦੀ
ਇਤਲਾਹ ਦਿੰਦੇ ਸ਼ਬਦ
ਕਵਿਤਾ ਨਹੀਂ ਹੁੰਦੇ
ਉਹ ਤਾਂ ਬਸ
ਮਨਹੂਸ ਖ਼ਬਰ ਹੁੰਦੀ ਹੈ।

ਤਿੱਤਲੀਆਂ ਦੇ ਚੁੰਮਣ ਬਾਝੋਂ
ਬੇ-ਰਸ...ਬੇ-ਰੰਗ...ਮਹਿਕਹੀਣ
ਫੁੱਲਾਂ ਦਾ ਰੁਦਨ ਵੀ
ਕਵਿਤਾ ਨਹੀਂ ਹੁੰਦਾ।

ਉਸ ਰੁਦਨ ਦੇ ਹੌਂਕੇ 'ਚੋਂ
ਕਿਰਦੇ ਰੰਗਾਂ ਨੂੰ
ਤਲੀਆਂ 'ਤੇ ਬੋਚ ਲੈਣਾ
ਲਾਜ਼ਮੀ ਕਵਿਤਾ ਹੈ।

ਰਸ ਨਾ ਸੁੱਕਣ
ਰੰਗ ਨਾ ਮੁੱਕਣ
ਮਹਿਕਾਂ ਨਾ ਖੁੱਸਣ
ਇਹ ਦੁਆ ਕਰਨਾ
ਇਹ ਦੇ ਲਈ ਅਹਿਦ ਕਰਨਾ
ਉਸ ਅਹਿਦ ਨੂੰ
ਪੂਰਾ ਕਰਨ ਲਈ ਯਤਨ ਕਰਨਾ
ਲਾਜ਼ਮੀ ਕਵਿਤਾ ਹੈ
ਹਾਂ ਇਹੀ ਕਵਿਤਾ ਹੈ।



• ਕਰਮਜੀਤ ਕੌਰ ਕਿਸ਼ਾਂਵਲ

### ਚਾਦਰ ਵੇਖ ਕੇ

ਚਾਦਰ ਵੇਖ ਕੇ ਪੈਰ ਪਸਾਰ ਬੰਦੇ।
ਨਈਂ ਤਾਂ ਹੋਏਂਗਾ ਖੱਜਲ-ਖ਼ੁਆਰ ਬੰਦੇ।

ਕਰਜ਼ਾ ਕਦੇ ਹੱਦੋਂ ਵੱਧ ਚੱਕੀਏ ਨਾ,
ਸਿਰੋਂ ਪਹਿਲਾਂ ਕਰਜ਼ ਉਤਾਰ ਬੰਦੇ।

ਜਿੰਨੀ ਕਮਾਈ ਹੋਵੇ, ਓਨਾਂ ਕਰੋ ਖ਼ਰਚਾ,
ਜੀਵਨ ਆਪਣਾ ਲਵੋ ਸਵਾਰ ਬੰਦੇ।

ਸੌ ਰੁਪਏ ਹੋਵੇ ਤੁਹਾਡੀ ਆਮਦਨ,
ਖ਼ਰਚੋ ਪੰਜਾਹ ਨਾ ਸਿਰ ਰੱਖੋ ਭਾਰ ਬੰਦੇ।

ਆਮਦਨ ਤੋਂ ਵੱਧ ਹੋਵੇ ਜੇ ਖ਼ਰਚ ਤੇਰਾ,
ਫਿਰ ਹੋਵੇਂਗਾ ਪੈਸੇ ਤੋਂ ਅਵਾਜ਼ਾਰ ਬੰਦੇ।

ਜੀਵਨ ਸਾਥੀ ਨੂੰ ਦੇਵੋ ਕਮਾਈ ਕਰਕੇ,
ਆਟਾ-ਦਾਲ ਨਾ ਮੰਗੇ ਉਧਾਰ ਬੰਦੇ।

ਤੰਗੀ-ਤੁਰਸ਼ੀ ਦਾ ਜੀਵਨ ਬੜਾ ਮਾੜਾ,
ਛੇਤੀ ਉੱਠ ਕੇ ਹੰਭਲਾ ਮਾਰ ਬੰਦੇ।

ਸੱਚੀ-ਸੁੱਚੀ ਭਾਈ ਕਰੋ ਕਿਰਤ ਸਾਰੇ,
ਘੱਲਪੁਰੀ ਦਾ ਸ਼ੁਭ ਵਿਚਾਰ ਬੰਦੇ।



• ਨਛੱਤਰ ਸਿੰਘ ਘੱਲਪੁਰੀ, ਮੋਬਾਇਲ: 98880-46050

## ਜੋ ਸਕੂਲ ਪੋਰਟਲ 'ਤੇ ਨਹੀਂ ਕਰ ਸਕੇ ਅੰਕ ਅਪਲੋਡ, ਉਨ੍ਹਾਂ ਨੂੰ ਬੋਰਡ ਨੇ ਦਿੱਤਾ 10 ਮਾਰਚ ਤੱਕ ਦਾ ਸਮਾਂ

ਲੁਧਿਆਣਾ 2 ਮਾਰਚ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸਾਰੇ ਸਰਕਾਰੀ, ਅਰਧ-ਸਰਕਾਰੀ, ਐਫੀਲੇਟਿਡ ਅਤੇ ਐਸੋਸੀਏਟਿਡ ਸਕੂਲਾਂ ਦੇ ਮੁਖੀਆਂ ਤੇ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕਰਦੇ ਹੋਏ ਸੈਸ਼ਨ 2023-24 ਦੇ 10ਵੀਂ ਅਤੇ 12ਵੀਂ ਕਲਾਸ ਦੇ ਟਰਮ ਪ੍ਰੀਖਿਆ ਅਤੇ ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਸਬਜੈਕਟ ਵਾਈਜ ਅੰਕ ਬੋਰਡ ਪੋਰਟਲ 'ਤੇ 10



ਮਾਰਚ ਤੱਕ ਅਪਲੋਡ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਬੋਰਡ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਸੀ ਕਿ ਇਨ੍ਹਾਂ ਪ੍ਰੀਖਿਆਵਾਂ ਦੇ ਅੰਕ ਬੋਰਡ ਪੋਰਟਲ 'ਤੇ ਅਪਲੋਡ ਕਰਨ ਲਈ 25 ਫਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਸੀ ਪਰ ਇਸ ਸਮੇਂ ਦੌਰਾਨ ਇੰਟਰਨੈੱਟ ਦੀ ਸੁਵਿਧਾ ਜਾਂ ਸਰਵਰ ਡਾਊਨ ਹੋਣ ਕਾਰਨ ਕੁਝ ਸਕੂਲ ਬੋਰਡ ਪੋਰਟਲ 'ਤੇ ਅੰਕ ਅਪਲੋਡ ਕਰਨ ਤੋਂ ਰਹਿ ਗਏ ਹਨ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸਕੂਲਾਂ ਨੂੰ ਟਰਮ ਪ੍ਰੀਖਿਆ ਦੇ ਅੰਕ ਅਤੇ ਪ੍ਰੀ-ਬੋਰਡ ਪ੍ਰੀਖਿਆ ਦੇ ਲਿਖਤੀ ਵਿਸ਼ੇ 'ਤੇ ਅੰਕ ਬੋਰਡ 'ਤੇ ਅਪਲੋਡ ਕਰਨ ਲਈ 10 ਮਾਰਚ ਦਾ ਸਮਾਂ ਦਿੱਤਾ ਗਿਆ ਹੈ।

## ਪੇਟ ਦਰਦ ਦੀ ਸ਼ਿਕਾਇਤ 'ਤੇ ਝੋਲਾਛਾਪ ਡਾਕਟਰ ਨੇ ਔਰਤ ਨੂੰ ਲਗਾਇਆ ਟੀਕਾ

ਸ਼ਾਹਜਹਾਂਪੁਰ 2 ਮਾਰਚ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ 'ਚ ਇਕ ਝੋਲਾਛਾਪ ਡਾਕਟਰ ਵਲੋਂ ਟੀਕਾ ਲਗਾਏ ਜਾਣ ਤੋਂ ਬਾਅਦ ਇਕ ਔਰਤ ਦੀ ਮੌਤ ਹੋ ਗਈ। ਪੁਲਸ ਦੇ ਇਕ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਵਧੀਕ ਪੁਲਸ ਸੁਪਰਡੈਂਟ ਮਨੋਜ ਅਵਸਥੀ ਨੇ ਦੱਸਿਆ ਕਿ ਥਾਣਾ ਕਲਾਨ ਖੇਤਰ ਦੇ ਕਸਬੇ ਵਾਸੀ ਆਸਮਾ (32) ਨੂੰ ਪੇਟ ਦਰਦ ਦੀ ਸ਼ਿਕਾਇਤ ਕਾਰਨ ਪਰਿਵਾਰ ਵਾਲੇ ਵੀਰਵਾਰ ਨੂੰ ਸਥਾਨਕ ਕਲੀਨਿਕ ਲੈ ਗਏ ਸਨ। ਉਨ੍ਹਾਂ ਦੱਸਿਆ ਕਿ ਪੀੜਤ ਪਰਿਵਾਰ ਦੀ ਸ਼ਿਕਾਇਤ ਅਨੁਸਾਰ ਜਦੋਂ ਔਰਤ ਦਾ ਪੇਟ ਦਰਦ ਘੱਟ ਨਹੀਂ ਹੋਇਆ ਤਾਂ ਝੋਲਾਛਾਪ ਡਾਕਟਰ ਨੇ ਉਸ ਨੂੰ ਟੀਕਾ ਲਗਾ ਦਿੱਤਾ, ਜਿਸ ਤੋਂ ਬਾਅਦ ਉਸ ਦੀ ਹਾਲਤ ਹੋਰ ਵਿਗੜ ਗਈ ਅਤੇ ਕੁਝ ਸਮੇਂ ਬਾਅਦ ਉਸ ਨੇ ਦਮ ਤੋੜ ਦਿੱਤਾ। ਅਵਸਥੀ ਨੇ ਦੱਸਿਆ ਕਿ ਪੁਲਸ ਨੇ ਅਵਨੀਸ਼ ਅਤੇ ਉਸ ਦੀ ਸਹਿਯੋਗੀ ਪ੍ਰਿਯੰਕਾ ਅਤੇ ਅਜੇ ਖ਼ਿਲਾਫ ਭਾਰਤੀ ਦੰਡਾਵਲੀ ਦੀ ਧਾਰਾ 304 ਏ (ਲਾਪਰਵਾਹੀ ਨਾਲ ਮੌਤ) ਦੇ ਅਧੀਨ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਹੈ ਅਤੇ ਜਾਂਚ ਜਾਰੀ ਹੈ।

# ਨੰਗਲ ਵਿਖੇ ਰੱਬ ਆਸਰੇ ਚੱਲ ਰਿਹਾ ਸੀ ਪੰਜਾਬ ਨੈਸ਼ਨਲ ਬੈਂਕ, ਚੋਰਾਂ ਨੇ ਬਣਾਇਆ ਨਿਸ਼ਾਨਾ

**ਕਿਸ਼ਨ ਪਾਲ**

ਨੰਗਲ 2 ਮਾਰਚ। ਲੋਕਾਂ ਨੂੰ ਸੁੱਖ ਸੁਵਿਧਾਵਾਂ ਦੇਣ ਵਾਲੇ ਪੰਜਾਬ ਨੈਸ਼ਨਲ ਬੈਂਕ ਦੀ ਇਕ ਬ੍ਰਾਂਚ ਜੋਕਿ ਤਹਿਸੀਲ ਨੰਗਲ ਅਧੀਨ ਪੈਂਦੇ ਪਿੰਡ ਮੋਜੋਵਾਲ ਦੇ ਸਰਕਾਰੀ ਸ਼ਿਵਾਲਿਕ ਕਾਲਜ ਨਾਲ ਹੈ, ਖੁਦ ਸੁਵਿਧਾਵਾਂ ਤੋਂ ਵਾਂਝੀ ਹੈ। ਚਰਚਾ ਆਮ ਹੈ ਕਿ ਉਕਤ ਬ੍ਰਾਂਚ 'ਚ ਕਰੀਬ 70-80 ਪਿੰਡਾਂ ਦੇ ਲੋਕਾਂ ਦੇ ਲੈਣ-ਦੇਣ ਦੇ ਨਾਲ-ਨਾਲ ਸਰਕਾਰੀ ਕਾਲਜਾਂ, ਸਕੂਲਾਂ ਆਦਿ ਦਾ ਕੁੱਲ ਮਿਲਾ ਕੇ ਕਰੋੜਾਂ ਰੁਪਏ ਦੀ ਬੁੱਕ ਬੈਲਿਊ ਹੈ ਪਰ ਅਫਸੋਸ ਦੀ ਗੱਲ ਇਹ ਹੈ ਕਿ ਉਕਤ ਬੈਂਕ ਕੋਲ ਕੋਈ ਸਕਿਊਰਿਟੀ ਗਾਰਡ ਨਹੀਂ, ਜਿਸ ਦਾ ਫਾਇਦਾ ਬੀਤੇ ਦਿਨ ਚੋਰਾਂ ਵੱਲੋਂ ਲੈਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਅਤੇ ਉਹ ਕਾਲਜ ਵਿੱਚੋਂ ਦੀ ਦਾਖ਼ਲ ਹੋ ਕੇ ਬੈਂਕ ਦੀ ਪਿਛਲੀ ਕਰੀਬ 9 ਇੰਚ ਦੀ ਦੀਵਾਰ ਤੋੜ ਬੈਂਕ ਅੰਦਰ ਵੜ ਗਏ। ਚੋਰਾਂ ਨੇ ਬੈਂਕ ਲਾਕਰ ਨੂੰ ਬਲੇਡ ਨਾਲ ਕੱਟਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਚਰਚਾ ਇਸ ਗੱਲ ਦੀ ਸੀ ਕਿ ਜੇਕਰ ਚੋਰ ਪ੍ਰੋਫੈਸ਼ਨਲ ਹੁੰਦੇ ਤਾਂ ਉਨ੍ਹਾਂ ਗੈਸ ਕਟਰ ਦੀ ਵਰਤੋਂ ਕਰਨੀ ਸੀ ਪਰ ਉਹ ਸਰੀਆ ਕੱਟਣ ਵਾਲੇ ਬਲੈਡ ਨਾਲ ਭਾਰੀ ਲਾਕਰ ਨੂੰ ਕੱਟਣ 'ਚ ਲੱਗੇ ਰਹੇ। ਬਲੇਡ ਦਾ ਇਕ ਟੱਕੜਾ ਬੈਂਕ ਮੁਲਾਜ਼ਮਾਂ ਨੇ ਸਥਾਨਕ ਪੁਲਸ ਨੂੰ ਵੀ ਦਿੱਤਾ। ਦੂਜੇ ਪਾਸੇ ਚਰਚਾ ਇਹ ਵੀ ਹੈ ਕਿ ਜਿਸ ਥਾਂ 'ਤੇ ਬੈਂਕ ਹੈ, ਉਸਦੇ ਪਿੱਛੇ ਸਰਕਾਰੀ ਸ਼ਿਵਾਲਿਕ ਕਾਲਜ 'ਚ ਬੱਚਿਆਂ ਨੂੰ ਫੌਜ ਦੀ ਟ੍ਰੇਨਿੰਗ ਦੇਣ ਵਾਲੇ ਸੀ-ਪਾਈਟ ਅਤੇ ਐੱਨ.ਸੀ.ਸੀ. ਦਾ ਦਫਤਰ ਵੀ ਹੈ। ਜਦੋਂ ਚੋਰ ਸ਼ਿਵਾਲਿਕ ਕਾਲਜ 'ਚ ਐਂਟਰ ਹੋਏ ਅਤੇ ਉਨ੍ਹਾਂ ਵੱਲੋਂ ਬੈਂਕ ਦੀ ਕਰੀਬ 9 ਇੰਚ ਦੀ ਦੀਵਾਰ ਨੂੰ ਤੋੜਿਆ ਗਿਆ ਤਾਂ ਕਿਸੇ ਨੂੰ ਭਿਣਕ ਤੱਕ ਕਿਉਂ ਨਹੀਂ ਲੱਗੀ? ਬੈਂਕ ਦੇ ਮੈਨੇਜਰ ਸਤੀਸ਼ ਸ਼ਰਮਾ ਨੇ ਕਿਹਾ ਕਿ ਉਕਤ ਬ੍ਰਾਂਚ 1982 ਤੋਂ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਚੋਰਾਂ ਨੇ ਘਟਨਾ ਨੂੰ ਅੰਜਾਮ ਸ਼ਨੀਵਾਰ ਦੀ ਰਾਤ ਨੂੰ ਦਿੱਤਾ। ਐਤਵਾਰ ਨੂੰ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਬੈਂਕ ਦੀ ਕੰਧ ਪਿੱਛੋਂ ਟੁੱਟੀ ਹੈ ਤਾਂ ਉਨ੍ਹਾਂ ਸਾਰੇ ਸਟਾਫ ਨੂੰ ਬੈਂਕ 'ਚ ਬੁਲਾ ਲਿਆ ਤੇ ਭੰਨ ਤੋੜ ਨੂੰ ਠੀਕ ਕਰਵਾਉਣ ਤੋਂ ਪਹਿਲਾਂ ਸਥਾਨਕ ਪੁਲਸ ਨੂੰ ਘਟਨਾ ਦੀ ਸਾਰੀ ਜਾਣਕਾਰੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਗਨਿਮਤ ਰਹੀ ਕਿ ਬੈਂਕ ਦਾ ਲਾਕਰ ਬੱਚ ਗਿਆ ਪਰ ਚੋਰਾਂ ਨੇ ਉਸ ਨੂੰ ਕੱਟਣ ਦੀ ਬਹੁਤ ਕੋਸ਼ਿਸ਼ ਕੀਤੀ। ਇਸਦੇ ਨਾਲ ਹੀ ਉਨ੍ਹਾਂ ਬੈਂਕ 'ਚ ਲੱਗੇ ਕੈਮਰਿਆਂ ਨੂੰ ਵੀ ਨੁਕਸਾਨਿਆ ਅਤੇ ਡੀ. ਵੀ. ਆਰ. ਨੂੰ ਪੂਰੀ ਤਰ੍ਹਾਂ ਵਾਸ਼ ਕਰ ਗਏ। ਪਰ ਚਰਚਾ ਇਹ ਵੀ ਹੋ ਰਹੀ ਸੀ ਕਿ ਬੈਂਕ 'ਚ ਲੱਗੇ ਕੈਮਰੇ ਚੱਲਦੇ ਨਹੀਂ ਹਨ ਨਾ ਹੀ ਬੈਂਕ ਕੋਲ ਕੋਈ ਇਨਵਰਟਰ ਹੈ। ਬੈਂਕ ਵਾਲੇ ਜਰਨੇਟਰ ਦੇ ਆਸਰੇ ਕੰਮ ਚਲਾਉਂਦੇ ਹਨ। ਜੇਕਰ ਬੱਤੀ ਗੁੱਲ ਹੋਣ ਗਈ ਤਾਂ ਸਮਝੋ ਕੈਮਰੇ ਵੀ ਬੰਦ। ਬੈਂਕ ਮੈਨੇਜਰ ਸਤੀਸ਼ ਕੁਮਾਰ ਨੇ ਮੰਨਿਆ ਕਿ ਬੈਂਕ ਕੋਲ ਸਕਿਓਰਿਟੀ ਗਾਰਡ ਨਹੀਂ ਹੈ ਪਰ ਉਨ੍ਹਾਂ ਕਿਹਾ ਕਿ ਗਾਰਡ ਲਈ ਸਾਡੇ ਵੱਲੋਂ ਲਿਖਤੀ ਅਰਜੀ ਉੱਚ ਅਧਿਕਾਰੀਆਂ ਨੂੰ ਭੇਜੀ ਗਈ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਦੇ ਹੀ ਜਿੱਥੇ ਬੈਂਕ ਮੁਲਾਜ਼ਮਾਂ 'ਚ ਖਲਬਲੀ ਮੱਚ ਚੁੱਕੀ ਹੈ ਉਥੇ ਹੀ ਜਿਨ੍ਹਾਂ ਜਿਨ੍ਹਾਂ ਲੋਕਾਂ ਨੂੰ ਇਸ ਘਟਨਾ ਦਾ ਪਤਾ ਚੱਲ ਰਿਹਾ ਹੈ, ਉਹ ਬੈਂਕ ਵੀ ਪਹੁੰਚ ਰਹੇ ਹਨ। ਸੂਤਰਾਂ ਮੁਤਾਬਿਕ ਉਕਤ ਬੈਂਕ ਦੀ ਬਿਲਡਿੰਗ ਕਈ ਦਹਾਕਿਆਂ ਪੁਰਾਣੀ ਹੈ। ਘਟਨਾ ਤੋਂ ਬਾਅਦ ਬੈਂਕ ਅਧਿਕਾਰੀ ਬਿਲਡਿੰਗ ਨੂੰ ਸ਼ਿਫਟ ਕਰਨ ਦੀਆਂ ਚਰਚਾਵਾਂ ਕਰ ਰਹੇ ਹਨ ਪਰ ਇੱਥੇ ਉਹ ਹੀ ਕਹਾਵਤ ਸਿੱਧ ਹੁੰਦੀ ਹੈ ਕਿ ਇੱਥੇ ਸਭ ਘਟਨਾ ਦੀ ਉਡੀਕ 'ਚ ਬੈਠੇ ਹੁੰਦੇ ਹਨ ਤੇ ਘਟਨਾ ਤੋਂ ਬਾਅਦ ਪ੍ਰਸ਼ਾਸਨ ਜਾਗਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਕਤ ਬੈਂਕ ਦੀ ਕਰੀਬ 300 ਕਰੋੜ ਰੁਪਏ ਦੀ ਬੁੱਕ ਵੈਲਿਊ ਹੈ ਅਤੇ ਜੇਕਰ ਘਟਨਾ ਵਾਪਰ ਜਾਂਦੀ ਤਾਂ ਖਪਤਕਾਰਾਂ ਦੀ ਮੰਗ ਮੁਤਾਬਿਕ ਬੈਂਕ ਨੂੰ ਤੁਰੰਤ ਪੈਸੇ ਦੇਣੇ ਵੀ ਪੈ ਸਕਦੇ ਸਨ। ਲੁੱਟਾਂ ਖੋਹਾਂ ਦੀਆਂ ਰੋਜਾਨਾ ਪਡ ਕੇ ਹਰ ਕੋਈ ਸਮਝ ਸਕਦਾ ਹੈ ਕਿ ਉਕਤ ਬੈਂਕ ਦਾ ਸਟਾਫ ਬਿਨਾਂ ਗਾਰਡ ਤੋਂ ਹਰ ਸਮੇਂ ਕਿੰਨੇ ਜ਼ਿਆਦਾ ਖੌਫ 'ਚ ਬੈਂਕ 'ਚ ਬੈਠਦਾ ਹੋਣਾ ਤੇ ਬੈਂਕ ਉਚ ਅਧਿਕਾਰੀਆਂ ਨੂੰ ਕੋਈ ਪਰਵਾਹ ਹੀ ਨਹੀਂ। ਜਦੋਂ ਇਸ ਮਾਮਲੇ ਨੂੰ ਲੈ ਕੇ ਨਯਾ ਨੰਗਲ ਚੌਕੀ ਇੰਚਾਰਜ ਸਰਤਾਜ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ 'ਚ ਹੈ ਅਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੈਂਕ 'ਚ ਕੈਮਰੇ ਤਾਂ ਲੱਗੇ ਸਨ ਪਰ ਉਹ ਚੱਲਦੇ ਨਹੀਂ ਸੀ।

## ਮਾਰਚ ਮਹੀਨੇ ਦੇ ਪਹਿਲੇ ਦਿਨ ਲੋਕਾਂ ਨੂੰ ਝਟਕਾ, ਸਿਲੰਡਰ ਹੋਇਆ ਮਹਿੰਗਾ

ਨਵੀਂ ਦਿੱਲੀ 2 ਮਾਰਚ। ਅੱਜ ਤੋਂ ਨਵਾਂ ਮਹੀਨਾ ਸ਼ੁਰੂ ਹੋ ਗਿਆ ਹੈ ਅਤੇ ਮਹੀਨੇ ਦੇ ਪਹਿਲੇ ਦਿਨ ਯਾਨੀ 2 ਮਾਰਚ ਨੂੰ ਇੱਕ ਵਾਰ ਫਿਰ ਐਲਪੀਜੀ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਅੱਜ ਤੋਂ ਐਲਪੀਜੀ ਸਿਲੰਡਰ ਅਤੇ ਜੈੱਟ ਈਂਧਨ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ ਹੈ। ਨਵੀਆਂ ਦਰਾਂ ਅੱਜ ਤੋਂ ਹੀ ਲਾਗੂ ਹੋ ਜਾਣਗੀਆਂ। ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਦਿੱਲੀ ਵਿੱਚ ਇਹ 25 ਰੁਪਏ ਅਤੇ ਮੁੰਬਈ ਵਿੱਚ 26 ਰੁਪਏ ਮਹਿੰਗਾ ਹੋ ਗਿਆ ਹੈ। ਆਓ ਜਾਣਦੇ ਹਾਂ ਨਵੀਆਂ ਦਰਾਂ ਬਾਰੇ। ਤੇਲ ਮਾਰਕੀਟਿੰਗ ਕੰਪਨੀਆਂ ਨੇ ਲਗਾਤਾਰ ਦੂਜੇ ਮਹੀਨੇ 19 ਕਿਲੋ ਦੇ ਵਪਾਰਕ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਬਦਲਾਅ ਕਰਕੇ ਮਹਿੰਗਾਈ ਨੂੰ ਵੱਡਾ ਝਟਕਾ ਦਿੱਤਾ ਹੈ। ਪਿਛਲੇ ਮਹੀਨੇ ਭਾਵ 1 ਫਰਵਰੀ 2024 ਨੂੰ ਬਜਟ ਵਾਲੇ ਦਿਨ ਸਿਲੰਡਰ ਦੀ ਕੀਮਤ 'ਚ 14 ਰੁਪਏ ਦੇ ਵਾਧੇ ਤੋਂ ਬਾਅਦ ਹੁਣ ਸਿਲੰਡਰ ਦੀ ਕੀਮਤ 25 ਰੁਪਏ ਹੋਰ ਵਧ ਗਈ ਹੈ। ਬਦਲੀਆਂ ਹੋਈਆਂ ਦਰਾਂ ਦੀ ਵੈੱਬਸਾਈਟ 'ਤੇ ਜਾਰੀ ਕੀਤੀਆਂ ਗਈਆਂ ਹਨ, ਜੋ ਅੱਜ ਯਾਨੀ 2 ਮਾਰਚ, 2024 ਤੋਂ ਲਾਗੂ ਹਨ। ਨਵੀਂ ਦਰ ਮੁਤਾਬਕ ਰਾਜਧਾਨੀ ਦਿੱਲੀ 'ਚ ਵਪਾਰਕ ਸਿਲੰਡਰ 1795 ਰੁਪਏ 'ਚ ਮਿਲੇਗਾ, ਜਦੋਂ ਕਿ ਕੋਲਕਾਤਾ 'ਚ ਇਹ ਸਿਲੰਡਰ ਹੁਣ 1911 ਰੁਪਏ ਦਾ ਹੋ ਗਿਆ ਹੈ। ਮੁੰਬਈ 'ਚ ਕਮਰਸੀਅਲ ਸਿਲੰਡਰ ਦੀ ਕੀਮਤ 1749 ਰੁਪਏ ਹੋ ਗਈ ਹੈ, ਜਦਕਿ ਚੇਨਈ 'ਚ 1960.50 ਰੁਪਏ ਹੋ ਗਈ ਹੈ। ਪਹਿਲਾਂ ਕੀਤੇ ਗਏ ਬਦਲਾਅ ਦੇ ਤਹਿਤ ਦਿੱਲੀ 'ਚ 19 ਕਿਲੋ ਦੇ ਕਮਰਸੀਅਲ ਗੈਸ ਸਿਲੰਡਰ ਦੀ ਕੀਮਤ 1755.50 ਰੁਪਏ ਤੋਂ ਵਧਾ ਕੇ 1769.50 ਰੁਪਏ ਕਰ ਦਿੱਤੀ ਗਈ ਸੀ। ਦੂਜੇ ਮਹਾਨਗਰਾਂ ਦੀ ਗੱਲ ਕਰੀਏ ਤਾਂ ਕੋਲਕਾਤਾ ਵਿੱਚ ਇੱਕ ਸਿਲੰਡਰ ਦੀ ਕੀਮਤ 1869.00 ਰੁਪਏ ਤੋਂ ਵਧਾ ਕੇ 1887 ਰੁਪਏ ਕਰ ਦਿੱਤੀ ਗਈ ਹੈ। ਵਪਾਰਕ ਸਿਲੰਡਰ ਜੋ ਪਹਿਲਾਂ ਮੁੰਬਈ ਵਿੱਚ 1708 ਰੁਪਏ ਵਿੱਚ ਮਿਲਦਾ ਸੀ, ਹੁਣ 1723 ਰੁਪਏ ਵਿੱਚ ਉਪਲਬਧ ਹੈ। ਜਦਕਿ ਚੇਨਈ 'ਚ ਇਸ ਦੀ ਕੀਮਤ 1924.50 ਰੁਪਏ ਤੋਂ ਵਧ ਕੇ 1937 ਰੁਪਏ ਹੋ ਗਈ। ਜਿੱਥੇ ਇੱਕ ਪਾਸੇ ਕਮਰਸੀਅਲ ਗੈਸ ਸਿਲੰਡਰ ਦੀਆਂ ਕੀਮਤਾਂ ਲਗਾਤਾਰ ਦੋ ਮਹੀਨਿਆਂ ਤੋਂ ਵੱਧ ਰਹੀਆਂ ਹਨ, ਉੱਥੇ ਹੀ ਸਾਲ 2024 ਦੀ ਸ਼ੁਰੂਆਤ ਵਿੱਚ ਯਾਨੀ ਪਹਿਲੀ ਜਨਵਰੀ ਨੂੰ ਇਸ ਵਿੱਚ ਕੁਝ ਰਾਹਤ ਮਿਲੀ ਸੀ।

## ਲੱਖਾਂ ਰੁਪਏ ਖਰਚ ਕਰ ਵਿਦੇਸ਼ ਭੇਜੀ ਨੂੰਹ ਨੇ ਕੀਤੀ ਅਜਿਹੀ ਕਰਤੂਤ, ਮੁੰਡਾ ਹੋਇਆ ਮਾਨਸਿਕ ਰੋਗੀ

**ਏਜੰਸੀਆਂ**

ਗੁਰਦਾਸਪੁਰ 2 ਮਾਰਚ। ਸਹੁਰਾ ਪਰਿਵਾਰ ਆਪਣੀ ਨੂੰਹ ਨੂੰ ਇਸ ਆਸ ਨਾਲ ਵਿਦੇਸ ਭੇਜਦਾ ਹੈ ਕਿ ਉਹ ਉੱਥੇ ਜਾ ਕੇ ਆਪਣੇ ਮੁੰਡੇ ਨੂੰ ਵੀ ਵਿਦੇਸ ਲੈ ਜਾਵੇਗੀ ਪਰ ਕਈ ਮਾਮਲੇ ਅਜਿਹੇ ਹਨ, ਜਿਨ੍ਹਾਂ ਵਿਚ ਕੁੜੀ ਵਿਦੇਸ ਜਾਣ ਤੋਂ ਬਾਅਦ ਆਪਣੇ ਵਾਅਦੇ ਤੋਂ ਮੁੱਕਰ ਜਾਂਦੀ ਹੈ। ਅਜਿਹਾ ਹੀ ਇੱਕ ਹੋਰ ਮਾਮਲਾ ਜ਼ਿਲ੍ਹਾ ਪੁਲਸ ਗੁਰਦਾਸਪੁਰ ਦੇ ਦੋਰਾਂਗਲਾ ਥਾਣੇ ਅਧੀਨ ਪੈਂਦੇ ਪਿੰਡ ਦਬੁੜੀ ਤੋਂ ਸਾਹਮਣੇ ਆਇਆ ਹੈ। ਜਿੱਥੇ ਇੱਕ ਪਰਿਵਾਰ ਨੇ ਲੱਖਾਂ ਰੁਪਏ ਖਰਚ ਕੇ ਆਪਣੀ ਨੂੰਹ ਨੂੰ ਕੈਨੇਡਾ ਭੇਜਿਆ ਤਾਂ ਜੋ ਉਨ੍ਹਾਂ ਦਾ ਮੁੰਡੇ ਨੂੰ ਵੀ ਕੈਨੇਡਾ ਬੁਲਾ ਲਵੇ ਅਤੇ ਦੋਵੇਂ ਸੈਟਲ ਹੋ ਸਕਣ, ਪਰ ਕੁੜੀ ਨੇ ਇਨਕਾਰ ਕਰ ਦਿੱਤਾ ਅਤੇ ਜਦੋਂ ਮੁੰਡਾ ਆਪਣੇ ਖਰਚੇ 'ਤੇ ਕੈਨੇਡਾ ਗਿਆ ਤਾਂ ਕੁੜੀ ਦੀ ਮਰਜੀ ਤੋਂ ਬਿਨਾਂ ਗਿਆ ਤਾਂ, ਉੱਥੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਸ ਸੋਗ ਕਾਰਨ ਮੁੰਡਾ ਮਾਨਸਿਕ ਰੋਗੀ ਹੁੰਦਾ ਜਾ ਰਿਹਾ ਹੈ। ਇਸ ਤੋਂ ਦੁਖੀ ਹੋ ਕੇ ਪਰਿਵਾਰ ਨੇ ਕੁੜੀ ਦੇ ਪਰਿਵਾਰ ਵਾਲਿਆਂ ਖ਼ਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ, ਜਦਕਿ ਪੁਲਸ ਨੇ ਕੁੜੀ ਦੇ ਪਿਤਾ ਅਤੇ ਮਾਂ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦਬੁੜੀ ਦੇ ਰਹਿਣ ਵਾਲੇ ਰਛਪਾਲ ਸਿੰਘ ਨੇ ਦੱਸਿਆ ਕਿ ਉਸ ਦੇ ਮੁੰਡੇ ਜੁਗਰਾਜ ਸਿੰਘ ਦਾ ਅਮਨਦੀਪ ਕੌਰ ਨਾਲ ਜਨਵਰੀ 2018 'ਚ ਪ੍ਰੇਮ ਵਿਆਹ ਹੋਇਆ ਸੀ। ਕੁੜੀ ਦੇ ਪਰਿਵਾਰ ਨਾਲ ਹੋਏ ਸਮਝੌਤੇ ਅਨੁਸਾਰ ਅਮਨਦੀਪ ਕੌਰ ਨੂੰ ਆਈਲੈਟਸ ਕਰਵਾਉਣ ਤੋਂ ਬਾਅਦ ਪਹਿਲਾਂ ਅਮਰੀਕਾ ਅਤੇ ਫਿਰ ਨਿਊਜੀਲੈਂਡ ਭੇਜਣ ਲਈ ਫਾਈਲ ਦਿੱਤੀ, ਪਰ ਗੱਲ ਸਿਰੇ ਨਹੀਂ ਚੜ੍ਹੀ। ਮਾਰਚ 2019 'ਚ ਉਸ ਦੀ ਨੂੰਹ ਦੀ ਕੈਨੇਡੀਅਨ ਫਾਈਲ ਆਈ ਅਤੇ ਲੱਖਾਂ ਰੁਪਏ ਦੇ ਕੇ ਉਸ ਨੂੰ ਕੈਨੇਡਾ ਭੇਜ ਦਿੱਤਾ ਗਿਆ। ਕੁਝ ਮਹੀਨਿਆਂ ਬਾਅਦ ਉਹ ਵਾਪਸ ਆ ਗਈ ਅਤੇ ਇਕ ਮਹੀਨਾ ਪਰਿਵਾਰ ਨਾਲ ਰਹਿਣ ਤੋਂ ਬਾਅਦ ਦੁਬਾਰਾ ਕੈਨੇਡਾ ਚਲਾ ਗਈ ਅਤੇ ਵਾਅਦਾ ਕੀਤਾ ਕਿ ਜਲਦੀ ਹੀ ਉਹ ਜੁਗਰਾਜ ਸਿੰਘ ਨੂੰ ਵੀ ਕੈਨੇਡਾ ਬੁਲਾ ਲਵੇਗੀ। ਇਸ ਵਾਰ ਵੀ ਸਹੁਰੇ ਪਰਿਵਾਰ ਨੇ ਹੀ ਉਸ ਦਾ ਸਾਰਾ ਖਰਚਾ ਚੁੱਕਿਆ। ਇਸ ਤੋਂ ਬਾਅਦ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਅਮਨਦੀਪ ਕੌਰ ਨੇ ਜੁਗਰਾਜ ਸਿੰਘ ਨੂੰ ਕੈਨੇਡਾ ਨਹੀਂ ਬੁਲਾਇਆ, ਜਿਸ ਕਰਕੇ ਕੁੜੀ ਦੇ ਰਿਸਤੇਦਾਰਾਂ ਨੂੰ ਇਕੱਠਾ ਕਰਕੇ ਉਨ੍ਹਾਂ ਨਾਲ ਸਲਾਹ ਕਰਕੇ ਜੁਗਰਾਜ ਸਿੰਘ ਨੂੰ ਆਪਣੇ ਖਰਚੇ 'ਤੇ ਕੈਨੇਡਾ ਭੇਜ ਦਿੱਤਾ ਪਰ ਅਮਨਦੀਪ ਉਸ ਨੂੰ ਏਅਰਪੋਰਟ 'ਤੇ ਲੈਣ ਨਹੀਂ ਆਈ ਅਤੇ ਨਾ ਹੀ ਉਹ ਉਸ ਨੂੰ ਆਪਣੇ ਕੋਲ ਰੱਖਣ ਲਈ ਤਿਆਰ ਸੀ। ਸਗੋਂ ਜੁਗਰਾਜ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਪਰਿਵਾਰ ਨੇ ਦੱਸਿਆ ਕਿ ਜੁਗਰਾਜ ਸਿੰਘ ਕੈਨੇਡਾ 'ਚ ਆਪਣੇ ਰਿਸਤੇਦਾਰਾਂ ਕੋਲ ਗਿਆ ਸੀ ਅਤੇ ਇਸੇ ਦੁੱਖ ਕਾਰਨ ਉਹ ਮਾਨਸਿਕ ਤੌਰ 'ਤੇ ਬਿਮਾਰ ਹੋ ਗਿਆ, ਕਾਫੀ ਮੁਸ਼ੱਕਤ ਤੋਂ ਬਾਅਦ ਉਹ ਆਪਣੇ ਖਰਚੇ 'ਤੇ ਉਸ ਨੂੰ ਭਾਰਤ ਵਾਪਸ ਲੈ ਕੇ ਆਏ ਅਤੇ ਹੁਣ ਉਸ ਦਾ ਇਲਾਜ ਚੱਲ ਰਿਹਾ ਹੈ। ਉਸ ਨੇ ਦੱਸਿਆ ਕਿ ਹੁਣ ਤੱਕ ਉਹ ਅਮਨਦੀਪ ਕੌਰ ਨੂੰ ਵਿਦੇਸ ਭੇਜਣ ਲਈ ਕਰੀਬ 34 ਲੱਖ ਰੁਪਏ ਖਰਚ ਕਰ ਚੁੱਕਾ ਹੈ। ਉਨ੍ਹਾਂ ਅਮਨਦੀਪ ਅਤੇ ਉਸ ਦੇ ਪਰਿਵਾਰ ਖ਼ਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਮੰਗ ਕੀਤੀ ਹੈ ਕਿ ਅਮਨਦੀਪ ਨੂੰ ਵਿਦੇਸ ਭੇਜਣ ਲਈ ਉਨ੍ਹਾਂ ਵੱਲੋਂ ਖਰਚੀ ਗਈ ਰਕਮ ਵਾਪਸ ਕੀਤੀ ਜਾਵੇ ਅਤੇ ਉਸ ਤੇ ਉਸ ਦੇ ਪਰਿਵਾਰ ਖ਼ਿਲਾਫ ਕਾਰਵਾਈ ਕੀਤੀ ਜਾਵੇ।

## 15,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਨੇ ਕਾਨੂੰਗੋ ਨੂੰ ਕੀਤਾ ਕਾਬੂ

**ਏਜੰਸੀਆਂ**

ਚੰਡੀਗੜ੍ਹ 2 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਦਾਖਾ ਵਿਖੇ ਤਾਇਨਾਤ ਰਿਹਾ ਇੱਕ ਪਟਵਾਰੀ ਜਸਬੀਰ ਸਿੰਘ, ਜੋ ਹੁਣ ਕਾਨੂੰਗੋ ਹੈ ਅਤੇ ਉਸ ਦੇ ਸਹਾਇਕ ਵਜੋਂ ਕੰਮ ਕਰਦੇ ਇੱਕ ਪ੍ਰਾਈਵੇਟ ਵਿਅਕਤੀ ਗੁਰਪ੍ਰੀਤ ਸਿੰਘ ਵਿਰੁੱਧ 15,000 ਰੁਪਏ ਰਿਸ਼ਵਤ ਦੀ ਮੰਗਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਜਸਵੀਰ ਸਿੰਘ ਕਾਨੂੰਗੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸਦੇ ਕਰਿੰਦੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਪਿੰਡ ਛਪਾਰ, ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਹਰਨੇਕ ਸਿੰਘ ਸੇਖੋਂ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਉਕਤ ਦੋਵੇਂ ਮੁਲਜ਼ਮਾਂ ਨੇ ਉਸ ਦੀ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਰਿਸ਼ਵਤ ਵਜੋਂ 20,000 ਰੁਪਏ ਮੰਗੇ ਸਨ। ਪੜਤਾਲ ਦੌਰਾਨ ਪਤਾ ਲੱਗਾ ਕਿ ਪਟਵਾਰੀ ਦੇ ਕਰਿੰਦੇ ਗੁਰਪ੍ਰੀਤ ਸਿੰਘ ਨੇ 20,000 ਰੁਪਏ ਦੀ ਮੰਗ ਕੀਤੀ ਸੀ ਪਰ ਜਦੋਂ ਸ਼ਿਕਾਇਤਕਰਤਾ ਨੇ ਪਟਵਾਰੀ ਨਾਲ ਗੱਲ ਕੀਤੀ ਤਾਂ ਉਸ ਨੇ ਰਿਸ਼ਵਤ ਦੀ ਰਕਮ ਘਟਾ ਕੇ 15,000 ਰੁਪਏ ਕਰ ਦਿੱਤੀ। ਸ਼ਿਕਾਇਤਕਰਤਾ ਨੇ ਆਪਣੀ, ਗੁਰਪ੍ਰੀਤ ਸਿੰਘ ਅਤੇ ਪਟਵਾਰੀ ਜਸਵੀਰ ਸਿੰਘ ਦਰਮਿਆਨ ਹੋਈ ਸਾਰੀ ਗੱਲਬਾਤ ਨੂੰ ਆਪਣੇ ਮੋਬਾਈਲ ਫੋਨ 'ਚ




ਰਿਕਾਰਡ ਕਰ ਲਿਆ ਅਤੇ ਬਿਓਰੋ ਨੂੰ ਸਬੂਤ ਵਜੋਂ ਸੌਂਪ ਦਿੱਤੀ। ਸ਼ਿਕਾਇਤਕਰਤਾ ਨੇ ਸ਼ਿਕਾਇਤ ਦਰਜ ਕਰਵਾਉਣ ਤੋਂ ਪਹਿਲਾਂ ਪਟਵਾਰੀ ਅਤੇ ਉਸ ਦੇ ਕਰਿੰਦੇ ਗੁਰਪ੍ਰੀਤ ਸਿੰਘ ਵੱਲੋਂ ਰਿਸ਼ਵਤ ਦੀ ਮੰਗ ਕਰਨ ਸਬੰਧੀ ਗੱਲਬਾਤ ਦੀ ਰਿਕਾਰਡਿੰਗ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਕਰ ਦਿੱਤੀ ਸੀ ਤਾਂ ਜੋ ਵਿਭਾਗ ਵੱਲੋਂ ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ ਪਰ ਅਜੇ ਤੱਕ ਇਸ ਸਬੰਧੀ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਬੁਲਾਰੇ ਨੇ ਦੱਸਿਆ ਕਿ ਇਸ ਤੋਂ ਬਾਅਦ ਸ਼ਿਕਾਇਤਕਰਤਾ ਨੇ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਇਹ ਸ਼ਿਕਾਇਤ ਦਰਜ ਕਰਵਾਈ। ਇਸ ਕੇਸ ਦੀ ਜਾਂਚ ਦੌਰਾਨ, ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਵੱਲੋਂ ਫੋਰੈਂਸਿਕ ਸਾਇੰਸ ਲੈਬਾਰਟਰੀ (ਐਫ.ਐਸ.ਐਲ.) ਤੋਂ ਸ਼ੱਕੀ ਅਤੇ ਸ਼ਿਕਾਇਤਕਰਤਾ ਦੋਵਾਂ ਦੀ ਆਵਾਜ਼ ਦੀ ਰਿਕਾਰਡਿੰਗ ਦੀ ਤੁਲਨਾ ਕੀਤੀ ਗਈ, ਜੋ ਮੇਲ ਖਾਂਦੀ ਪਾਈ ਗਈ ਅਤੇ ਸ਼ਿਕਾਇਤ ਵਿੱਚ ਲਾਏ ਦੋਸ਼ ਸਹੀ ਸਾਬਤ ਹੋਏ। ਇਸ ਤਫਤੀਸ਼ ਦੇ ਆਧਾਰ 'ਤੇ ਕਾਨੂੰਗੋ ਅਤੇ ਉਸ ਦੇ ਕਰਿੰਦੇ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਮਿਤੀ 27.02.2024 ਨੂੰ ਐਫ.ਆਈ.ਆਰ. ਨੰ. 09 ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਜਸਵੀਰ ਸਿੰਘ ਕਾਨੂੰਗੋ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਜਾਂਚ ਦੌਰਾਨ ਹੋਰ ਅਧਿਕਾਰੀਆਂ/ਕਰਮਚਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

## ਪੰਜਾਬ 'ਚ ਟੁੱਟਿਆ ਡੇਰਾ ਬਿਆਸ ਸਤਿਸੰਗ ਨੂੰ ਜਾਣ ਵਾਲਾ 100 ਸਾਲ ਤੋਂ ਵੱਧ ਪੁਰਾਣਾ ਪੁੱਲ

**ਏਜੰਸੀਆਂ**

ਹੁਸ਼ਿਆਰਪੁਰ 2 ਮਾਰਚ। ਹੁਸ਼ਿਆਰਪੁਰ ਅੱਜ ਸਵੇਰੇ ਉਸ ਸਮੇਂ ਮਾਹੌਲ ਹਫੜਾ ਦਫੜੀ ਮੱਚ ਗਈ ਜਦੋਂ ਇਕ ਬਜਰੀ ਨਾਲ ਭਰਿਆ ਓਵਰਲੋਡ ਟਿੱਪਰ ਮੋੜ ਕੱਟਣ ਲਈ ਪੁੱਲ ਦੇ ਉੱਪਰੋਂ ਲੰਘਣ ਲੱਗਾ ਤਾਂ ਟਰੱਕ ਦਾ ਭਾਰ ਜ਼ਿਆਦਾ ਹੋਣ ਕਰਕੇ ਪੁੱਲ ਹੇਠਾਂ ਡਿੱਗ ਪਿਆ। ਉਕਤ ਪੁੱਲ ਡੇਰਾ ਬਿਆਸ ਸਤਿਸੰਗ ਭਵਨ ਨੂੰ ਜਾਣ ਵਾਲੇ ਰਸਤੇ ਨੂੰ ਜੋੜਦਾ ਸੀ। ਪੁੱਲ ਡਿੱਗਣ ਨਾਲ ਟਰੱਕ ਯੂਨੀਅਨ ਅਤੇ ਸਤਿਸੰਗ ਬਿਆਸ ਡੇਰੇ ਵੱਲੋਂ ਰੋਸ ਜਤਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ 11 ਵਜੇ ਦੇ ਕਰੀਬ ਇਕ ਓਵਰਲੋਡ ਟਿੱਪਰ ਗੜ੍ਹਸੰਕਰ ਤੋਂ ਮਾਹਿਲਪੁਰ ਵੱਲ ਨੂੰ ਆ ਰਿਹਾ ਸੀ ਜਦੋਂ ਉਹ ਮਾਹਿਲਪੁਰ ਦੇ ਮੁੱਖ ਚੌਕ ਵਿਚ ਪਹੁੰਚਿਆ ਤਾਂ ਟਰੱਕ ਦੀ ਲੰਬਾਈ ਜ਼ਿਆਦਾ ਹੋਣ ਕਰਕੇ ਉਸ ਨੂੰ ਮੁੜਨ ਦੀ ਤੰਗੀ ਆ ਰਹੀ ਸੀ ਅਤੇ ਉਸ ਨੂੰ ਮੌਕੇ 'ਤੇ ਮੌਜੂਦ ਪੁਲਸ ਮੁਲਾਜਮਾਂ ਵੱਲੋਂ ਸਹਿਰ ਦੇ ਬਾਹਰ ਮੋੜ ਕੱਟਣ ਲਈ ਭੇਜ ਦਿੱਤਾ ਗਿਆ ਜਦੋਂ ਟਿੱਪਰ ਮੋੜ ਕੱਟਣ ਲਈ ਟਰੱਕ ਯੂਨੀਅਨ ਤੇ ਸਤਿਸੰਗ ਬਿਆਸ ਡੇਰੇ ਵੱਲ ਜਾਣ ਵਾਲਾ ਪੁੱਲ੍ਹ 'ਤੇ ਪਹੁੰਚਿਆ ਤਾਂ 100 ਸਾਲ ਪੁਰਾਣਾ ਪੁਲ ਟਰੱਕ ਦਾ ਭਾਰ ਜ਼ਿਆਦਾ ਹੋਣ ਕਰਕੇ ਡਿੱਗ ਪਿਆ ਅਤੇ ਪੁੱਲ ਡਿੱਗਣ ਨਾਲ ਟਰੱਕ ਯੂਨੀਅਨ ਅਤੇ ਸਤਿਸੰਗ ਬਿਆਸ ਡੇਰੇ ਦੇ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਥਾਣਾ ਮਾਹਿਲਪੁਰ ਦੀ ਪੁਲਸ ਨੇ ਬਿਨਾਂ ਉਨ੍ਹਾਂ ਦੇ ਪ੍ਰਧਾਨ ਅਤੇ ਹੋਰ ਮੈਂਬਰਾਂ ਨੂੰ ਪੁੱਛੇ ਟਿੱਪਰ ਨੂੰ ਖਾਲੀ ਕਰਨ ਲੱਗ ਪਏ। ਉਨ੍ਹਾਂ ਨੇ ਦੱਸਿਆ ਕਿ ਜੇਕਰ ਟਰੱਕ ਮੌਕੇ ਤੋਂ ਚਲਾ ਗਿਆ ਤਾਂ ਉਨ੍ਹਾਂ ਦੀ ਕੋਈ ਵੀ ਸੁਣਵਾਈ ਨਹੀਂ ਹੋਵੇਗੀ। ਉਨ੍ਹਾਂ ਨੇ ਸਥਾਨਕ ਪ੍ਰਸਾਸਨ ਨੂੰ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਪੁੱਲ ਨੂੰ ਬਣਾਇਆ ਜਾਵੇ। ਜਦੋਂ ਇਸ ਸਬੰਧੀ ਥਾਣਾ ਮੁਖੀ ਬਲਜਿੰਦਰ ਸਿੰਘ ਮੱਲੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਗੜ੍ਹਸੰਕਰ ਦੇ ਰੇਲਵੇ ਫਾਟਕ ਦੀ ਮੁਰੰਮਤ ਤਿੰਨ ਦਿਨ ਲਈ ਚੱਲ ਰਹੀ ਹੈ। ਇਸ ਕਰਕੇ ਉਨ੍ਹਾਂ ਵੱਲੋਂ ਟਰੱਕ ਨੂੰ ਮੁੜਨ ਲਈ ਅੱਗੇ ਭੇਜ ਦਿੱਤਾ ਗਿਆ ਸੀ ਅਤੇ ਜਦੋਂ ਉਹ ਮੁੜਨ ਲਈ ਪੁਰਾਣੇ ਪੁੱਲ ਤੋਂ ਲੰਘਣ ਲੱਗਾ ਤਾਂ ਉਸ ਦਾ ਭਾਰ ਜ਼ਿਆਦਾ ਹੋਣ ਕਰਕੇ ਉਹ ਡਿੱਗ ਪਿਆ। ਬਾਕੀ ਟਰੱਕ ਨੂੰ ਖਾਲੀ ਕਰਵਾ ਕੇ ਮਾਹਿਲਪੁਰ ਥਾਣੇ ਖੜ੍ਹਾ ਕਰਨਾ ਸੀ ਕਿਉਂਕਿ ਰਾਤ ਵੇਲੇ ਕੋਈ ਵੀ ਘਟਨਾ ਨਾ ਹੋ ਸਕੇ। ਉਨ੍ਹਾਂ ਨੇ ਦੱਸਿਆ ਕਿ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਜਾਵੇਗਾ।



## ਕਪੂਰਥਲਾ 'ਚ ਵੱਡੀ ਵਾਰਦਾਤ, ਸਿਵਲ ਹਸਪਤਾਲ 'ਚ ਨੌਜਵਾਨ ਦਾ ਤੇਜਧਾਰ ਹਥਿਆਰਾਂ ਨਾਲ ਕਤਲ

ਕਪੂਰਥਲਾ 2 ਮਾਰਚ। ਕਪੂਰਥਲਾ ਵਿਚ ਵੱਡੀ ਵਾਰਦਾਤ ਹੋਣ ਦੀ ਖਬਰ ਸਾਹਮਣੇ ਆਈ ਹੈ। ਇਥੋਂ ਦੇ ਸਿਵਲ ਹਸਪਤਾਲ ਵਿੱਚ ਐਮਰਜੈਂਸੀ ਵਾਰਡ ਦੇ ਬਾਹਰ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੇ ਇਕ ਨੌਜਵਾਨ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਤਲਵੰਡੀ ਮਹਿਮਾ ਵਿੱਚ ਪੁਰਾਣੀ ਰੰਜਿਸ ਦੇ ਚਲਦਿਆਂ ਦੇਰ ਸਾਮ ਦੋ ਧਿਰਾਂ ਵਿੱਚ ਲੜਾਈ ਹੋ ਗਈ ਸੀ, ਜਿਸ ਵਿਚ ਰਾਜਕੁਮਾਰ ਦੇ ਸਿਰ 'ਤੇ ਸੱਟਾਂ ਲੱਗਣ ਕਾਰਨ ਉਸ ਦਾ ਮੁੰਡਾ ਜਸਪ੍ਰੀਤ ਸਿੰਘ ਆਪਣੇ ਪਿਤਾ ਦੇ ਸਿਵਲ ਹਸਪਤਾਲ ਕਪੂਰਥਲਾ ਐਮਰਜੈਂਸੀ ਵਾਰਡ ਵਿੱਚ ਪੱਟੀਆਂ ਕਰਵਾਉਣ ਆਇਆ ਸੀ। ਇਸੇ ਦੌਰਾਨ ਅੱਧੀ ਦਰਜਨ ਤੋਂ ਵੱਧ ਨੌਜਵਾਨ ਨੇ ਜਸਪ੍ਰੀਤ ਸਿੰਘ 'ਤੇ ਉਸ ਵੇਲੇ ਹਮਲਾ ਕਰ ਦਿੱਤਾ ਜਦ ਉਹ ਕਾਰ ਵਿੱਚ ਐਮਰਜੈਂਸੀ ਵਾਰਡ ਦੇ ਬਾਹਰ ਬੈਠਾ ਪਿਆ ਸੀ। ਦੱਸਿਆ ਜਾਂਦਾ ਹੈ ਕਿ ਹਮਲਾਵਰਾਂ ਨੇ ਤੇਜਧਾਰ ਹਥਿਆਰਾਂ ਨਾਲ ਉਸ ਦੀ ਗਰਦਨ 'ਤੇ ਵਾਰ ਕੀਤੇ, ਜਿਸ ਕਾਰਨ ਜਸਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਟੀ ਅਰਬਨ ਸਟੇਟ ਦੀ ਪੁਲਸ ਮੌਕੇ 'ਤੇ ਪਹੁੰਚ ਕੇ ਲਾਸ ਨੂੰ ਕਬਜੇ ਵਿੱਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾ ਘਰ ਵਿਚ ਰਖਵਾ ਦਿੱਤਾ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨ ਲਏ ਜਾ ਰਹੇ ਸਨ। ਜ਼ਿਕਰਯੋਗ ਹੈ ਕਿ ਪੁਲਸ ਪ੍ਰਸਾਸਨ ਤੋਂ ਕਈ ਵਾਰ ਸਿਹਤ ਵਿਭਾਗ ਦੇ ਅਧਿਕਾਰੀਆਂ, ਰਾਜਨੀਤਿਕ ਆਗੂਆਂ ਅਤੇ ਆਮ ਲੋਕ ਮੰਗ ਕਰਦੇ ਆ ਰਹੇ ਹਨ ਕਿ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਬਾਹਰ 24 ਘੰਟੇ ਪੁਲਸ ਤਾਇਨਾਤ ਕੀਤੀ ਜਾਵੇ ਪਰ ਇਥੇ ਪੁਲਸ ਦੀ ਨਲਾਇਕੀ ਕਾਰਨ ਇਕ ਨੌਜਵਾਨ ਦਾ ਕਤਲ ਹੋ ਗਿਆ। ਜੇਕਰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਬਾਹਰ ਪੁਲਸ ਤਾਇਨਾਤ ਹੁੰਦੀ ਤਾਂ ਇਹ ਘਟਨਾ ਸਾਇਦ ਨਾ ਵਾਪਰਦੀ।

# ਡਿਪਟੀ ਕਮਿਸ਼ਨਰ ਵੱਲੋਂ ਨਵਜੰਮੇ ਲਾਵਾਰਿਸ ਬੱਚਿਆਂ ਦੀ ਰਾਖੀ ਲਈ ਉਨ੍ਹਾਂ ਨੂੰ ਪੰਘੂੜੇ 'ਚ ਪਾਉਣ ਦੀ ਅਪੀਲ

**ਸਰਦੂਲ ਸਿੰਘ**

ਜਲੰਧਰ 2 ਮਾਰਚ। ਡਿਪਟੀ ਕਮਿਸਨਰ ਵਿਸੇਸ ਸਾਰੰਗਲ ਨੇ ਅਜਿਹੇ ਮਾਪਿਆਂ, ਜੋ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਤੋਂ ਅਸਮਰੱਥ ਹਨ, ਨੂੰ ਬੱਚਿਆਂ ਦੀਆਂ ਕੀਮਤੀ ਜਾਨਾਂ ਦੀ ਰਾਖੀ ਲਈ 'ਪੰਘੂੜਾ' ਸਕੀਮ ਦਾ ਸਹਾਰਾ ਲੈਣ ਦੀ ਅਪੀਲ ਕੀਤੀ। ਉਹ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਬਾਲ ਭਲਾਈ ਅਤੇ ਸੁਰੱਖਿਆ ਕਮੇਟੀ (ਡੀ. ਸੀ. ਪੀ. ਸੀ.) ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ, ਜਿਸ 'ਚ ਉਨ੍ਹਾਂ ਨੇ 'ਪੰਘੂੜਾ' ਸਕੀਮ ਨੂੰ ਜ਼ਿਲ੍ਹੇ 'ਚ ਲਾਵਾਰਿਸ ਬੱਚਿਆਂ ਖਾਸ ਕਰਕੇ ਬੱਚੀਆਂ ਲਈ ਸੁਰੱਖਿਅਤ ਪਨਾਹਗਾਹ ਕਰਾਰ ਦਿੱਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਵਿਲੱਖਣ ਸਕੀਮ ਗੈਰ-ਕਾਨੂੰਨੀ ਲਿੰਗ ਚੋਣ ਅਤੇ ਨਵਜੰਮੇ ਬੱਚਿਆਂ ਨੂੰ ਕੂੜੇ ਜਾਂ ਸੜਕਾਂ ਕਿਨਾਰੇ ਸੁੱਟਣ 'ਤੇ ਰੋਕ ਲਾਉਣ ਦੇ ਉਦੇਸ ਨਾਲ ਸ਼ੁਰੂ ਕੀਤੀ ਗਈ ਹੈ। ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸਕੀਮ ਇਸ ਸਮੇਂ ਨਾਰੀ ਨਿਕੇਤਨ ਅਤੇ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ (ਯੂਨੀਕ ਹੋਮ) ਸਮੇਤ ਦੋ ਥਾਵਾਂ 'ਤੇ ਚੱਲ ਰਹੀ ਹੈ। ਸਾਰੰਗਲ ਨੇ ਕਿਹਾ ਕਿ ਅਣਚਾਹੇ ਬੱਚਿਆਂ ਨੂੰ ਇਨ੍ਹਾਂ ਥਾਵਾਂ ਦੇ ਬਾਹਰ ਪੰਘੂੜੇ 'ਚ ਪਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬੱਚਿਆਂ ਦੇ ਮਾਪੇ ਜਾਂ ਤਾਂ ਬੱਚੇ ਨਹੀਂ ਚਾਹੁੰਦੇ ਜਾਂ ਇਨ੍ਹਾਂ ਦੀ ਪਰਵਰਿਸ ਕਰਨ ਤੋਂ ਅਸਮਰੱਥ ਹੁੰਦੇ ਹਨ, ਇਸ ਲਈ ਬੱਚਿਆਂ ਨੂੰ ਏਧਰ-ਉਧਰ ਸੁੱਟ ਦਿੰਦੇ ਹਨ। ਉਨ੍ਹਾਂ ਕਿਹਾ ਕਿ ਪੰਘੂੜਾ ਸਕੀਮ ਅਜਿਹੀਆਂ ਘਟਨਾਵਾਂ ਨੂੰ ਕਾਫੀ ਹੱਦ ਤੱਕ ਕਾਬੂ ਕਰਨ 'ਚ ਕਾਮਯਾਬ ਰਹੀ ਹੈ ਅਤੇ ਇਸ ਸਕੀਮ ਅਧੀਨ ਪਾਲਣ ਪੋਸਣ ਪ੍ਰਾਪਤ ਕਰਨ ਵਾਲੇ ਬੱਚੇ ਵਧੀਆ ਜੀਵਨ ਬਤੀਤ ਕਰ ਸਕਦੇ ਹਨ ਕਿਉਂਕਿ ਕਈ ਖੁਸਹਾਲ ਪਰਿਵਾਰਾਂ ਨੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਪੂਰੀ ਕਰਨ ਉਪਰੰਤ ਗੋਦ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਉਨ੍ਹਾਂ ਮਾਪਿਆਂ ਲਈ ਵਧੀਆ ਸਹਾਰੇ ਦੀ ਤਰ੍ਹਾਂ ਹੈ, ਜੋ ਆਪਣੇ ਬੱਚਿਆਂ ਨੂੰ ਪਾਲਣ 'ਚ ਅਸਮਰੱਥ ਹਨ। ਉਨ੍ਹਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਮਨਜਿੰਦਰ ਸਿੰਘ ਨੂੰ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਅਧੀਨ ਬਾਲ ਘਰਾਂ 'ਚ ਰਹਿ ਰਹੇ ਬੱਚਿਆਂ ਲਈ ਕੋਚਿੰਗ ਕਲਾਸਾਂ ਸ਼ੁਰੂ ਕਰਨ ਦੀ ਹਦਾਇਤ ਦਿੱਤੀ ਤਾਂ ਜੋ ਉਨ੍ਹਾਂ ਨੂੰ ਬਾਲ ਘਰਾਂ 'ਚ ਵਧੀਆ ਵਿੱਦਿਅਕ ਸਹੂਲਤਾਂ ਮਿਲ ਸਕਣ। ਇਹ ਕੋਚਿੰਗ ਕਲਾਸਾਂ ਜ਼ਿਲ੍ਹੇ ਦੇ ਸਾਰੇ 7 ਬਾਲ ਘਰਾਂ 'ਚ ਲਗਾਈਆਂ ਜਾਣਗੀਆਂ, ਜਿਸ ਦੇ ਲਈ ਪ੍ਰਸਾਸਨ ਵੱਲੋਂ ਵਿਸੇਸ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇਗੀ। ਇਸੇ ਤਰ੍ਹਾਂ




ਡਿਪਟੀ ਕਮਿਸ਼ਨਰ ਨੇ ਜੁਵੇਨਾਈਲ ਜਸਟਿਸ ਐਕਟ, ਪੋਕਸੋ ਐਕਟ, ਬਾਲ ਮਜਦੂਰੀ ਐਕਟ, ਬਾਲ ਵਿਆਹ ਸੁਰੱਖਿਆ ਐਕਟ ਆਦਿ ਬਾਰੇ ਬੱਚਿਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਕਰਨ ਲਈ ਸਾਰੇ ਵਿੱਦਿਅਕ ਅਦਾਰਿਆਂ ਵਿੱਚ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਨ ਦੇ ਵੀ ਨਿਰਦੇਸ ਦਿੱਤੇ। ਉਨ੍ਹਾਂ ਨੇ ਭੀਖ ਮੰਗਣ ਵਾਲੇ ਬੱਚਿਆਂ ਨੂੰ ਭੀਖ ਮੰਗਣ ਤੋਂ ਹਟਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਵੀ ਜਾਇਜਾ ਲਿਆ ਅਤੇ ਅਧਿਕਾਰੀਆਂ ਨੂੰ ਇਸ ਕੰਮ ਨੂੰ ਤਰਜੀਹ ਦੇਣ ਦੀ ਤਾਕੀਦ ਕੀਤੀ। ਇਸ ਦੌਰਾਨ ਡਿਪਟੀ ਕਮਿਸਨਰ ਨੇ ਅਧਿਕਾਰੀਆਂ ਨੂੰ ਬਾਲ ਘਰਾਂ 'ਚ ਯੋਗਾ, ਖੇਡ ਸਮਾਗਮ, ਆਰਟ ਐਂਡ ਕ੍ਰਾਫਟ ਤੋਂ ਇਲਾਵਾ ਵੱਖ-ਵੱਖ ਗਤੀਵਿਧੀਆਂ ਦਾ ਪ੍ਰਬੰਧ ਕਰਨ ਦੇ ਵੀ ਨਿਰਦੇਸ ਦਿੱਤੇ। ਉਨ੍ਹਾਂ ਸਪੱਸਟ ਕਿਹਾ ਕਿ ਜ਼ਿਲ੍ਹਾ ਪ੍ਰਸਾਸਨ ਇਨ੍ਹਾਂ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਨ੍ਹਾਂ ਦੇ ਬਚਪਨ ਦੀ ਰਾਖੀ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਮੀਟਿੰਗ 'ਚ ਵਧੀਕ ਡਿਪਟੀ ਕਮਿਸਨਰ (ਜ) ਮੇਜਰ ਡਾ. ਅਮਿਤ ਮਹਾਜਨ, ਡੀ.ਪੀ.ਓ. ਮਨਜਿੰਦਰ ਸਿੰਘ, ਡੀ. ਸੀ. ਪੀ. ਓ. ਅਜੈ ਭਾਰਤੀ, ਸੀ. ਡਬਲਿਊ. ਸੀ. ਦੇ ਮੈਂਬਰ ਬਲਦੇਵ ਸਿੰਘ, ਸਹਾਇਕ ਕਿਰਤ ਕਮਿਸਨਰ ਪ੍ਰਦੀਪ ਕੁਮਾਰ, ਐੱਲ. ਪੀ. ਓ. ਸੰਦੀਪ ਕੁਮਾਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਸੁਖਨਾ ਝੀਲ 'ਚ ਸ਼ੱਕੀ ਹਾਲਾਤ 'ਚ ਮਿਲੀਆਂ ਮਰੀਆਂ ਹੋਈਆਂ ਮੱਛੀਆਂ

ਚੰਡੀਗੜ੍ਹ 2 ਮਾਰਚ। ਸੁਖਨਾ ਝੀਲ 'ਚ ਸ਼ੱਕੀ ਹਾਲਾਤ 'ਚ ਮੱਛੀਆਂ ਮਰੀਆਂ ਪਾਈਆਂ ਗਈਆਂ ਹਨ, ਜਿਨ੍ਹਾਂ ਦੇ ਸੈਂਪਲ ਲੈ ਕੇ ਲੈਬਾਰਟਰੀ 'ਚ ਭੇਜ ਦਿੱਤੇ ਗਏ ਹਨ। ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਮੱਛੀਆਂ ਦੀ ਮੌਤ ਦਾ ਕਾਰਨ ਕੀ ਹੈ। ਸਾਰੀਆਂ ਮਰੀਆਂ ਮੱਛੀਆਂ ਰੈਗੂਲੇਟਰੀ ਐਂਡ ਦੇ ਨੇੜੇ ਪਾਈਆਂ ਗਈਆਂ ਹਨ, ਜਿਸ ਦੀ ਪੁਸ਼ਟੀ ਪਸ਼ੂ ਅਤੇ ਮੱਛੀ ਪਾਲਣ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਡਾ. ਕੰਵਲਜੀਤ ਸਿੰਘ ਨੇ ਵੀ ਕੀਤੀ ਹੈ। ਅਧਿਕਾਰੀ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਇਹ ਮੱਛੀਆਂ ਸੁਖਨਾ ਦੀਆਂ ਹਨ ਜਾਂ ਬਾਹਰੋਂ ਇੱਥੇ ਲਿਆਂਦੀਆਂ ਗਈਆਂ ਹਨ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਰਾਤ ਸਮੇਂ ਕੁੱਝ ਸ਼ਰਾਰਤੀ ਅਨਸਰਾਂ ਨੇ ਬਾਹਰੋਂ ਲਿਆਂਦੀਆਂ ਮੱਛੀਆਂ ਨੂੰ ਪਾਣੀ ਵਿਚ ਸੁੱਟ ਦਿੱਤਾ, ਜੋ ਕਿ ਅੱਤ ਦੀ ਠੰਡ ਕਾਰਨ ਮਰ ਗਈਆਂ ਹੋਣਗੀਆਂ। ਮੱਛੀ ਪਾਲਣ ਵਿਭਾਗ ਇਸ ਪੂਰੇ ਮਾਮਲੇ 'ਤੇ ਨਜ਼ਰ ਰੱਖ ਰਿਹਾ ਹੈ। ਜਦੋਂ ਤੋਂ ਇਹ ਮੱਛੀਆਂ ਪਾਈਆਂ ਗਈਆਂ ਹਨ, ਦੇਰ ਸ਼ਾਮ ਤੱਕ ਕੋਈ ਹੋਰ ਮਰੀ ਹੋਈ ਮੱਛੀ ਨਹੀਂ ਮਿਲੀ ਹੈ, ਜਿਸ ਤੋਂ ਬਾਅਦ ਵਿਭਾਗ ਨੇ ਫਿਲਹਾਲ ਮੱਛੀਆਂ ਵਿਚ ਕੋਈ ਬਿਮਾਰੀ ਫੈਲਣ ਤੋਂ ਇਨਕਾਰ ਕੀਤਾ ਹੈ। ਡਾ.ਕੰਵਲਜੀਤ ਸਿੰਘ ਅਨੁਸਾਰ 7 ਮਰੀਆਂ ਹੋਈਆਂ ਮੱਛੀਆਂ ਦੇ ਸੈਂਪਲ ਜਾਂਚ ਲਈ ਪੰਜਾਬ ਯੂਨੀਵਰਸਿਟੀ ਦੇ ਜੀਓਲਾਜ਼ੀ ਵਿਭਾਗ ਨੂੰ ਭੇਜੇ ਗਏ ਹਨ, ਜਿੱਥੋਂ 2 ਦਿਨਾਂ ਦੇ ਅੰਦਰ ਰਿਪੋਰਟ ਆਉਣ ਦੀ ਸੰਭਾਵਨਾ ਹੈ, ਜਿਸ 'ਚ ਇਨ੍ਹਾਂ ਦੀ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕੇਗਾ। ਅਧਿਕਾਰੀਆਂ ਨੇ ਦੋ ਸਾਲ ਪਹਿਲਾਂ ਵੀ ਇਸੇ ਤਰ੍ਹਾਂ ਦੀਆਂ ਮੱਛੀਆਂ ਮਰੀਆਂ ਮਿਲੀਆਂ ਸਨ, ਇਸ ਲਈ ਕਿਸੇ ਵੀ ਤਰ੍ਹਾਂ ਘਟਨਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕੇਗਾ।